PUNJABI PATRIKA

ਪੰਜਾਬੀ ਪੱਤ੍ਰਿਕਾ

WEEKLY

Nov 20th to Nov 26th, 09

Vol. 14, No. 8

604-852-2288
1481 Tracey Street
Abbotsford, BC V2T 6G4
Fax: 604-852-1878

FREE within the Fraser Valley

punjabipatrika@telus.net • The Fraser Valley's Original Bilingual Newspaper • www.punjabipatrika.com

Outside of Fraser Valley $1.20

DHINDSA LAW CORPORATION
Amarjit S. Dhindsa
Tel: 604-851-2290
Fax: 604-851-2291
amarjit@dhindsalaw.com
#103-2760 Gladwin Road, Abbotsford, BC V2T 4S6

CANADA AND INDIA STEADFAST TOGETHER

Prime Minister Stephen Harper signals desire to strengthen bonds

The Prime Minister of Canada, Mr. Stephen Harper, paid an official visit to India from November 15-18, 2009, at the invitation of the Prime Minister of India, Dr. Manmohan Singh. During his visit, Prime Minister Harper called on the President of India, Smt. Pratibha Patil, and the Vice President of India, Shri Mohammad Hamid Ansari. The Leader of Opposition, Shri L.K. Advani, and the External Affairs Minister, Shri S.M. Krishna, called on Prime Minister Harper.

Continued on page 12

Prime Minister Stephen Harper tours the Golden Temple, the holiest temple in the Sikh faith.
Photo by Jason Ransom



NEW CARPET GALLERY AND FLOORING LTD.
CARPET • LINO • LAMINATE
HARDWOOD • AREA RUGS • RUNNERS
Sales & Installation at the Best Rates!
WIDE SELECTION OF THE LATEST DESIGNS AVAILABLE
ਆਪਣੇ ਭਰਾਵਾਂ ਦਾ ਕਾਰਪਿਟ ਸਟੋਰ
Telephone 604.854.3001
Cellular 604.308.4565
Sukhi: 778.245.2555
Manpreet: 604.308.6580
COMFORT
PARMINDER S DHALIWAL
1-31018 Peardonville Rd, Abby

MORTGAGES
RBC Royal Bank Mortgages
Rob Randhawa
Mortgage Development Manager
• Purchases
• Refinances
• Construction
• Lot Loans
• No Fees
• Low Rates
Cell: 778.552.0226
rob.randhawa@rbc.com

Sidhu & Associates
NOTARIAL SERVICES
BC Notaries
TERRY SIDHU
NOTARY PUBLIC
604-859-4825
Fax: 604-859-0469
Property Purchases & Sales • Mortgages
Power of Attorney • Sponsorship Letters

Curtis LUMBER
"Where the Builders Buy!"
For all your building needs:
• Lumber
• Doors
• Mouldings
• Trusses
• Tools and Equipment Rentals
Gurnam Grewal
Cell: 604.868.3342
Curtis LUMBER We Deliver!
Langley Yard
22454 48th Avenue
(at Fraser Hwy)
Langley, B.C. V3A 3N6
Ph: 604.514.6600
Fx: 604.514.6611
Mon. - Fri. 6:00am - 5:30pm
Saturday 7:00am - 5:00pm
Sunday 9:00am - 5:00pm

ਡਾਲਰਾਂ ਦਾ ਸਭ ਤੋਂ ਵੱਧ ਰੇਟ ਲੈਣ ਲਈ
ਬਰਾੜ ਮਨੀ ਐਕਸਚੇਂਜ ਲਿਮ.
ਹੋਰ ਜਾਣਕਾਰੀ ਲਈ ਫੋਨ ਕਰੋ
Brar Money Exchange Ltd.
Abbotsford 604•859•6175
Surrey 604•597•1576

PALMER GILLEN LAW OFFICE
BARRISTERS & SOLICITORS
NOTARIES PUBLIC
#1-33775 Essendene Ave
Abbotsford, BC V2S 2H1
Gerry Palmer, Pamela Gillen and Parminder Kahlon
ਸਿਵਲ, ਕ੍ਰਿਮੀਨਲ, ਪ੍ਰਾਪਰਟੀ, ਫੈਮਿਲੀ, ਵਸੀਅਤ, ਇੰਮੀਗ੍ਰੇਸ਼ਨ ਅਤੇ ਕਨਵੇਅੰਸਿੰਗ
ਇੰਡੀਆ ਵਿਚ ਚਲਦੇ ਮਸਲਿਆਂ ਬਾਰੇ ਸਲਾਹ-ਮਸ਼ਵਰਾ ਮੁਫਤ
ਇੰਡੀਆ ਵਿਚ ਵਕੀਲ ਦੇ ਤੌਰ ਤੇ 24 ਸਾਲਾਂ ਦਾ ਤਜਰਬਾ
PARMINDER SINGH KAHLON
604-614-9663
Bus: 604-859-3887
Fax: 604-859-3883

FOR DISCOUNT PARTY RENTAL SEE PAGE 47 Contact Mahal 604-850-1118

ਸਿੱਧੂ ਮਨੀ ਐਕਸਚੇਂਜ ਲਿਮ (ਖਾਲਸਾ ਬੈਂਕ ਦੇ ਸਾਹਮਣੇ)
ਮੋਗੇ ਅਤੇ ਜਗਰਾਉਂ ਦੇ ਮੰਨੇ ਪ੍ਰਮੰਨੇ ਆੜ੍ਹਤੀਏ ਸਰਪੰਚ ਰਸ਼ਪਾਲ ਸਿੰਘ ਦੌਧਰ ਵਾਲੇ
ਡਾਲਰਾਂ ਅਤੇ ਰੁਪਈਆਂ ਦਾ ਵੱਧ ਅਤੇ ਵਧੀਆ ਰੇਟ ਲੈਣ ਲਈ ਸੁਖਜੀਤ ਸਿੱਧੂ (ਪੀਲੂ) ਨੂੰ ਫੋਨ ਕਰੋ:
ABBOTSFORD 604-746-3131 SURREY 778-552-6167

Mehfil Magazine Supports Kwantlen Journalism Students

Mehfil Magazine, the popular Indo-Canadian lifestyle magazine, has established a $40,000 Endowment to provide financial assistance for journalism students at Kwantlen Polytechnic University.

Mehfil Magazine has been reporting on current events in the Indo-Canadian community in the Lower Mainland since 1993. Mehfil has established itself as the premier source for features on people, lifestyle, and fashion as well as commentary on issues as they relate to today's Indo-Canadian.

"We feel it's important to support good journalism because it plays such an important role not only in our communities but in democracy in general," said Minto Vig, the magazine's co-publisher and editor. "This endowment fund will provide scholarships to enhance and encourage journalism students to reach for excellence in our profession."

Rana and Minto Vig, co-publishers and editors, Mehfil Magazine, present Dr. Robert Adamoski, Dean, Social Sciences and Jeff Norris, Chief Advancement Officer, Kwantlen Polytechnic University,with a cheque to establish an endowment for Journalism students.

Rana Vig, co-publisher, added, "We are the first Indo-Canadian publication in B.C. to establish an endowment of this size to support journalism students. By setting the example, we hope others will follow in providing support to encourage a high level of professionalism in the journalism community. We're proud to create this endowment at Kwantlen Polytechnic University, which has been a leader when it comes to engaging the communities it serves, including the Indo-Canadian community."

The Kwantlen Journalism program offers students both a four-year Bachelor of Applied Journalism and a two-year diploma. The program has been in existence for more than 25 years and celebrates a high rate of employment for its graduates.

"Our journalism program gives students a firm grasp of the industry's best practices and core values, preparing them for promising careers in multimedia journalism", said Social Science Dean Robert Adamoski. "We are very grateful for Mehfil's support of our students' education."

MID VALLEY INSURANCE AGENCIES LTD.
#1-32442 George Ferguson Way, Abbotsford, BC V2T 4Y4
Tel: 604-853-1600 Fax: 604-853-9877
Autoplan 12
Representing over 15 Insurance Companies to provide you with the most competitive price.
ਪੰਦਰਾਂ ਕੰਪਨੀਆਂ ਦੀ ਨੁਮਾਇੰਦਗੀ ਕਰਦਿਆਂ ਤੁਹਾਨੂੰ ਬਹੁਤ ਹੀ ਕੰਪੀਟੀਟਿਵ ਪਰਾਈਸ ਦਿੰਦੇ ਹਾਂ।
Sukhi Gill
Bill Hawthorne
Cell: (604) 807-2178
George Ferguson Way
Townline St
Trethaway St
ICBC Claims
Husky
(Dahlstrom Plaza)
MID VALLEY INSURANCE
N
HOMEOWNERS
TENANTS
FARMS
TRAVEL
RV'S
HOURS
Mon. to Fri. 9:00am - 7:00pm
Sat. 9:00am - 5:30pm
AUTOPLAN
PRO RATE FLEET
CONTRACTORS
BUSINESS
CARGO
LIABILITY

CEDAR PARK PHARMACY
ਮੁਫਤ ਬਲੱਡ ਸ਼ੂਗਰ ਦੇ ਟੈਸਟ ਲਈ ਅਪੁਆਇੰਟਮੈਂਟ ਅੱਜ ਹੀ ਬਣਵਾਓ
• FREE Blood Pressure Testing
• FREE Medication Counseling
• FREE Brochure & FREE Delivery
• FREE BLISTER Packing
• FREE Glucometer*
• We accept all insurance plans
• Asthma nebulizer Rental/purchace
• Crutch Rental/Purchase
• Vitamin Suppliments
ਬੀ.ਸੀ. ਹੈਲਥ ਗਾਈਡ ਦੀ ਮੁਫ਼ਤ ਕਾਪੀ ਇੱਥੋਂ ਲੈ ਸਕਦੇ ਹੋ।
• ਦਮੇਂ ਦੇ ਸਾਮਨ ਦੀ ਸਪਲਾਈ
• ਮੁਫਤ ਬਲੱਡ ਪਰੈਸ਼ਰ ਟੈਸਟ
• ਦਵਾਈ ਸਬੰਧੀ ਮੁਫਤ ਸਲਾਹ ਮਸ਼ਵਰਾ
• ਹਰ ਤਰਾਂ ਦੀ ਇੰਸ਼ੋਰੈਂਸ ਪਲਾਨ ਮੰਨਜ਼ੂਰ ਕਰਦੇ ਹਾਂ
• ਦਮੇ ਦੀ ਦਵਾਈ ਲੈਣ ਵਾਲੀ ਮਸ਼ੀਨ- ਕਿਰਾਏ ਤੇ ਲਓ ਜਾਂ ਖਰੀਦੋ।
• ਦੌੜੀਆਂ ਵੀ ਮਿਲਦੀਆਂ ਹਨ-ਕਿਰਾਏ 'ਤੇ ਜਾਂ ਖਰੀਦ ਸਕਦੇ ਹੋ।
• ਸ਼ੂਗਰ ਚੈਕ ਕਰਨ ਲਈ ਮਸ਼ੀਨ ਮੁਫਤ*
• ਬਹੁਤ ਹੀ ਵਾਜ਼ਬ ਕੀਮਤਾਂ
• ਵਿਟਾਮਿਨ ਸਪਲੀਮੈਂਟ
ਤੁਸੀਂ ਇਥੇ ਡਾਬਰ ਅਤੇ ਹਿਮਾਲਿਆ ਦੇ ਆਯੁਰਵੈਦਿਕ ਸਪਲੀਮੈਂਟਸ ਵੀ ਲੈ ਸਕਦੇ ਹੋ
New Working Hours
OPEN:
Mon - Friday
9:30am to 6:30pm
Saturday
10:00am to 4:00pm
Closed Sunday
LOCATION
#112 - 2580
Cedar Park Pl.,
Abbotsford
British Columbia
Cedar Park Pharmacy
604-853-7175
*with purchase of 100 test strips
Fax: 604-853-7170
*100 ਟੈਸਟ ਸਟਰਿਪਸ ਖਰੀਦਣ 'ਤੇ

Flu Season – Tips for Parents Dealing with a Child's Fear of Needles

The thought of getting a needle generates dread in 5-10 percent of the population. You are not alone! Fraser Health's Public Health Nursing team would like to share tips that can help make the experience less stressful. If you are the parent of a child who dreads getting a needle, this is for you.

1. Don't expect your child to agree that getting a needle is a good idea.

2. Show that you understand what your child is feeling. For example, "The thought of getting a needle is scary for you. This is something you'd rather not do."

3. Grant wishes in fantasy, "Wouldn't it be great if there was a way to put the medicine in ice cream?" When a person feels truly understood he/she is better able to gather the courage to proceed.

4. Express faith in your child's ability to cope. For example, "I know this is hard for you; still, I believe you can handle it."

5. Do not judge or pity your child for feeling afraid. Remain calm and firm. Respect your child's struggle to cope with strong feelings.

6. Honesty fosters trust. For example, "It may hurt a bit" is true. At the same time show that you believe your child can handle the hurt.

7. Give limited choices and let your child decide. For example, "Would you like to bring your doll or your teddy bear? Would you like to wear your blue or your red shirt? (Please use short sleeves!)

8. No threats, bribes or blame. Children do better when they feel better. Threats make people feel worse. Bribes are a poor substitute for willing cooperation. Blaming leaves your child feeling like a victim instead of a person who can handle difficult situations.

9. If you have a strong fear of needles yourself, find a way to handle your feelings calmly. Your child will be watching you. You might bring another adult who is calmer about needles. Take slow deep breaths. Blowing bubbles can slow down fast shallow breathing. You and your child can practice calm breathing ahead of time by playing with bubbles.

10. Celebrate effort no matter how small. It may take more than one try to gather the courage to proceed. Handling needle fear is an opportunity learn how to manage strong emotions—a very useful life skill.

ਐਬਟਸਫੋਰਡ ਡਰਾਈਵਿੰਗ ਸਕੂਲ
ਤੁਸੀਂ ਟਰੱਕ, ਬੱਸ, ਟੈਕਸੀ/ਕਾਰ ਅਤੇ ਏਅਰ ਬਰੇਕ ਦਾ ਲਰਨਰ ਜਾਂ ਪੱਕਾ ਲਾਈਸੈਂਸ ਲੈਣ ਲਈ ਸਾਡੇ ਨਾਲ ਸੰਪਰਕ ਪੈਦਾ ਕਰ ਸਕਦੇ ਹੋ।
• Contact us for getting your truck, bus, taxi, car and air brake learning or regular licence
• We will assist you in finding a job
• We are open 7 days a week 8:00am to 9:00pm
• You can get a Class 1 License in 8 - 10 days
ਅਸੀਂ ਤੁਹਾਡੇ ਲਈ ਜੌਬ ਲਭੱਣ ਲਈ ਪੂਰੀ ਮਦਦ ਕਰਾਂਗੇ
ਬੈਕਅਪ ਦੀ ਸਪੈਸ਼ਲ ਟ੍ਰੇਨਿੰਗ ਦਿਤੀ ਜਾਂਦੀ ਹੈ।
8 ਤੋਂ 10 ਦਿਨਾਂ ਵਿਚ ਤੁਸੀਂ ਕਲਾਸ ਵਨ ਦਾ ਲਾਇਸੈਂਸ ਲੈ ਸਕਦੇ ਹੋ
1999 ਤੋਂ ਤੁਹਾਡੀ ਸੇਵਾ ਵਿੱਚ
Established Since 1999
ABBOTSFORD DRIVING SCHOOL LTD.
ਏਅਰ ਬਰੇਕ ਅਤੇ ਫੋਰਕਲਿਫਟ ਦਾ ਕੋਰਸ ਹਰ ਹਫਤੇ ਕਰਵਾਉਂਦੇ ਹਾਂ
AirBrake & Forklift Training also Available!
Class 4 Training Available Now - Reasonable Rates!
Class 5 & 7 Training
ਫੋਨ ਕਰੋ: ਬਲਦੇਵ ਸਿੰਘ ਬੜੈਚ
PHONE: 604-556-7108 Fax: 604-556-7208
Unit 701 - 30711 Simpson Road
ABBOTSFORD DRIVING SCHOOL
GOVERNMENT APPROVED AIRBRAKE COURSES & FORKLIFT
556-7108

ACCURATE AUTO BODY & PAINT LTD
ਐਕੁਰੇਟ ਆਟੋ ਬਾਡੀ ਤੇ ਪੇਂਟ ਲਿਮਿ.
NEW LOCATION:
Unit #105 & #106
2353 Peardonville Road,
Abbotsford, B.C.
Corner of Peardonville Rd. & Simpson Rd.
ਤੁਹਾਡੇ 15 ਸਾਲ ਦੇ ਸਹਿਯੋਗ ਦਾ ਧੰਨਵਾਦ ਕਰਦੇ ਹਾਂ
ICBC c.a.r. shop VALET
Accredited Collision Repairs & Valet Service
We will beat any written estimate!
ਪ੍ਰਿਥੀਪਾਲ ਸਿੰਘ ਖੰਗੂੜਾ
ਹੁਣ ਤੁਸੀਂ ਸਿੱਧੇ ਇੱਥੇ ਆ ਕੇ ਕਾਰਾਂ ਰਿਪੇਅਰ ਕਰਵਾ ਸਕਦੇ ਹੋ, ਤੁਹਾਨੂੰ ਆਈ.ਸੀ.ਬੀ.ਸੀ ਕੋਲ ਜਾਣ ਦੀ ਲੋੜ ਨਹੀਂ ਹੈ।
ਅਸੀਂ ਵੱਡੀ ਤੇ ਨਵੀਂ ਲੋਕੇਸ਼ਨ ਤੇ ਮੂਵ ਹੋ ਗਏ ਹਾਂ।
• I.C.B.C. ਅਤੇ ਪ੍ਰਾਈਵੇਟ ਕਲੇਮ
• ਨਵੀਆਂ ਕਰਟਸੀ ਕਾਰਾਂ
• ਵਧੀਆ ਕੁਆਲਿਟੀ ਬਾਡੀਵਰਕ ਤੇ ਪੇਂਟ
• ਫਰੀ ਪਿੱਕਅੱਪ ਤੇ ਡਲਿਵਰੀ ਸਰਵਿਸ
ਵਾਜਿਬ ਰੇਟ ਅਤੇ ਗੰਰਟੀ ਸ਼ੁਦਾ ਕੰਮ
Open Mon. to Fri.
8:00 am - 5:30 pm
and Saturday
8:00 am - 11:00 am
ਭੁਪਿੰਦਰ ਸਿੰਘ ਢਿਲੋਂ
604-850-5001
Fax: 604-850-5594

ਗਲੈਡਵਿਨ ਔਪਟੀਕਲ
GLADWIN OPTICAL

ਨਜ਼ਰ ਦੀਆਂ ਐਨਕਾਂ

- ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਇਨ ਮੌਜੂਦ ਹਨ।
- ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
- ਐਨਕਾਂ ਦੀ ਰਿਪੇਅਰ ਦਾ ਕੰਮ ਤਸੱਲੀਬਖਸ਼ ਹੁੰਦਾ ਹੈ।
- ਅਸੀਂ ਅੱਖਾਂ ਦਾ ਫਰੀ ਚੈਕ-ਅੱਪ ਕਰਦੇ ਹਾਂ।

ਅਸੀਂ ਆਪਣੇ ਗਾਹਕਾਂ ਦੀ ਨਜ਼ਰ ਫਰੀ ਟੈਸਟ ਕਰਦੇ ਹਾਂ। ਵਧੇਰੇ ਜਾਣਕਾਰੀ ਲਈ ਫੋਨ ਕਰੋ।

ਸਾਡਾ ਐਡਰੈਸ ਨੋਟ ਕਰੋ:

Abbotsford #103-2955 Gladwin Rd.
604-864-8803
Surrey #105 12568 72nd Ave.
604-594-6940

EYE GLASSES
CONTACT LENSES
SUN GLASSES



Bhupinder Oberoi
"Optician & Certified Contact Lens Fitter"

ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤਸੱਲੀਬਖਸ਼ ਹੁੰਦਾ ਹੈ।

FREE SIGHT TESTING

PUNJABI PATRIKA
ਪੰਜਾਬੀ ਪੱਤ੍ਰਿਕਾ

1481 Tracey St., Abbotsford BC V2T 6G4
Tel: 604.852.2288 Fax: 604.852.1878
Email: PunjabiPatrika@telus.net
Website: www.PunjabiPatrika.com

Publisher & Chief Editor: Andy Sidhu
Punjabi Editor: J. Singh
Production & Graphics: Tehjay B. Fox
Advertising/Administration: Tejvir Pandher
Advertising Executive: Lucky Gakhar
Sales Executive: Happy Gill
Layout: Manjeet Toor
Translator: P.S. Bhullar
Typist: Manmohan Pandher
Published: Every Friday (Weekly)

All advertising in the Punjabi Patrika is subject to the Publisher's approval and the advertiser agrees to indemnify the publisher against claims arising from publication of any advertising submitted by the advertiser. The Punjabi Patrika is not responsible for the articles that are contributed to the newspaper by our readers. Punjabi Patrika reserves the right to turn down or edit any articles forwarded to us for print.

ਪੰਜਾਬੀ ਪੱਤ੍ਰਿਕਾ ਵਿਚ ਛਪੇ ਲੇਖਾਂ ਵਿਚ ਪ੍ਰਗਟਾਏ ਗਏ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ।
ਪੰਜਾਬੀ ਪੱਤ੍ਰਿਕਾ ਦਾ ਉਹਨਾਂ ਪ੍ਰਤੀ ਸਹਿਮਤ ਜਾਂ ਅਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

KALER CARPET & Upholstery Cleaning

Excellent Service Thoughout The Lower Mainland
ਹਰ ਤਰ੍ਹਾਂ ਦੇ ਕਾਰਪਿਟ ਕਲੀਨਿੰਗ ਲਈ ਸਾਨੂੰ ਫੋਨ ਕਰੋ।

- EXPERT CARPET & UPHOLSTERY
- SPECIAL COMMERCIAL RATE
- CAR & VAN CLEANING
- HIGH POWERED FAST DRYING (DRY CARPETS WITHIN 2 HOURS)
- FURNACE DUCT CLEANING

ਕਲੇਰ ਕਾਰਪਿਟ ਕਲੀਨਿੰਗ ਵਾਲੇ ਹੁਣ ਫਰਨਸ ਵੀ ਕਲੀਨ ਕਰਦੇ ਹਨ। ਵਧੀਆ ਸਰਵਿਸ ਅਤੇ ਵਾਜਿਬ ਰੇਟ ਲਈ ਅੱਜ ਹੀ ਫੋਨ ਕਰੋ:
604-864-7125

GURDIP KALER CERTIFIED TECHNICIAN
604-859-8123 or Cell: 604-864-7125
34110 HALLERT RD. ABBOTSFORD, B.C.

EDITORIAL / ਐਡੀਟੋਰੀਅਲ

ਨਿਹਾਇਤ ਨਿੰਦਣਯੋਗ

ਨੌਂ ਨਵੰਬਰ ਦਾ ਦਿਨ ਭਾਰਤ ਦੇ ਲੋਕਤੰਤਰ ਦੇ ਇਤਿਹਾਸ ਦਾ ਇੱਕ ਹੋਰ ਕਾਲਾ ਦਿਨ ਬਣ ਗਿਆ ਹੈ। ਜੋ ਕੁਝ ਮਹਾਂਰਾਸ਼ਟਰ ਦੀ ਵਿਧਾਨ ਸਭਾ ਅੰਦਰ ਹੋਇਆ-ਵਾਪਰਿਆ, ਉਸ ਦਾ ਕਿਸੇ ਨੂੰ ਵੀ ਸ਼ਾਇਦ ਅਗਾਊਂ ਕਿਆਸ ਨਾ ਹੋਵੇ। ਹਾਲੇ ਤਾਂ ਵਿਧਾਨ ਸਭਾ ਲੀਹੇ ਨਹੀਂ ਸੀ ਪਈ ਕਿ ਧਮੱਚੜ ਮੱਚ ਗਿਆ। ਮੈਂਬਰਾਂ ਦੇ ਸਹੁੰ ਚੁੱਕਣ ਪਿੱਛੋਂ ਅਗਲੀ ਕਾਰਵਾਈ ਸ਼ੁਰੂ ਹੋਣੀ ਸੀ ਤੇ ਏਥੇ ਸਹੁੰ ਚੁੱਕ ਸਮਾਗਮ ਹੀ ਲੜਾਈ ਦਾ ਅਖਾੜਾ ਬਣ ਗਿਆ। ਇਸ ਤੋਂ ਸ਼ਰਮਨਾਕ ਗੱਲ ਹੋਰ ਹੋ ਨਹੀਂ ਸਕਦੀ।

ਮਾਮਲਾ ਓਦੋਂ ਵਿਗੜਿਆ, ਜਦੋਂ ਸਮਾਜਵਾਦੀ ਪਾਰਟੀ ਦੇ ਵਿਧਾਇਕ ਅਬੂ ਆਜ਼ਮੀ ਸਹੁੰ ਚੁੱਕਣ ਲੱਗੇ। ਅਬੂ ਆਜ਼ਮੀ ਪਹਿਲਾਂ ਹੀ ਐਲਾਨ ਕਰ ਚੁੱਕੇ ਸਨ ਕਿ ਉਹ ਹਿੰਦੀ ਭਾਸ਼ਾ ਵਿੱਚ ਸਹੁੰ ਚੁੱਕਣਗੇ, ਤੇ ਇਸ ਗੱਲ ਦੀ ਉਹਨਾਂ ਨੇ ਵਿਧਾਨ ਸਭਾ ਦੇ ਸਪੀਕਰ ਤੋਂ ਅਗਾਊਂ ਪ੍ਰਵਾਨਗੀ ਵੀ ਲੈ ਰੱਖੀ ਸੀ। ਦੂਜੇ ਪਾਸੇ ਮਹਾਂਰਾਸ਼ਟਰ ਨਵ-ਨਿਰਮਾਣ ਸੈਨਾ ਦੇ ਮੁਖੀ ਰਾਜ ਠਾਕਰੇ ਨੇ ਪਹਿਲਾਂ ਹੀ ਇਹ ਐਲਾਨ ਕਰ ਰੱਖਿਆ ਸੀ ਕਿ ਹਰ ਵਿਧਾਇਕ ਨੂੰ ਸਿਰਫ਼ ਮਰਾਠੀ ਭਾਸ਼ਾ ਵਿੱਚ ਸਹੁੰ ਚੁੱਕਣੀ ਪਵੇਗੀ ਤੇ ਜੇ ਇੰਝ ਨਾ ਕੀਤਾ ਤਾਂ ਫਿਰ ਉਸ ਦੀ ਪਾਰਟੀ ਦੇ ਵਿਧਾਇਕ ਆਪਣਾ ਰੰਗ ਵਿਖਾਉਣਗੇ। ਜਦੋਂ ਹੀ ਅਬੂ ਆਜ਼ਮੀ ਨੇ ਹਿੰਦੀ ਵਿੱਚ ਸਹੁੰ ਚੁੱਕਣ ਦਾ ਅਮਲ ਆਰੰਭਿਆ, ਰਾਜ ਠਾਕਰੇ ਦੀ ਵਿਧਾਇਕ ਮੰਡਲੀ ਆਪਣੀ ਔਕਾਤ ਉੱਤੇ ਉਤਰ ਆਈ ਤੇ ਮਾਹੌਲ ਏਨਾ ਵਿਗੜ ਗਿਆ ਕਿ ਮਾਰਸ਼ਲ ਬੁਲਾਉਣੇ ਪੈ ਗਏ। ਰਾਜ ਠਾਕਰੇ ਦੀ ਪਾਰਟੀ ਦੇ ਮੈਂਬਰਾਂ ਨੇ ਅਬੂ ਆਜ਼ਮੀ ਤੋਂ ਕਾਗਜ਼ ਤੇ ਮਾਈਕ ਤਾਂ ਖੋਹੇ ਹੀ, ਉਹਨਾਂ ਦੇ ਇੱਕ ਵਿਧਾਇਕ ਨੇ ਆਜ਼ਮੀ ਨੂੰ ਕੈਮਰਿਆਂ ਦੀ ਮੌਜੂਦਗੀ 'ਚ ਥੱਪੜ ਵੀ ਮਾਰ ਦਿੱਤਾ।

ਇਹ ਹੱਦੋਂ ਬਾਹਰੀ ਬਦਤਮੀਜ਼ੀ ਸੀ। ਰਾਜ ਠਾਕਰੇ ਦੀ ਧਾੜ ਹੁਣ ਤੱਕ ਸਰਕਾਰੀ ਤੇ ਨਿੱਜੀ ਕੰਪਨੀਆਂ ਦੇ ਦਫ਼ਤਰਾਂ ਅੰਦਰ ਜਾ ਕੇ ਕਿਸੇ ਦੀ ਮਾਰ-ਕੁਟਾਈ ਜਾਂ ਮੁੰਹ ਕਾਲਾ ਕਰ ਦੇਣ ਦੀਆਂ ਹਰਕਤਾਂ ਕਰਦੀ ਆਈ ਸੀ। ਬਹਾਨਾ ਹਰ ਵਾਰੀ ਉਹ ਮਰਾਠੀ ਮਾਣ-ਸਨਮਾਨ ਦਾ ਬਣਾਉਂਦੇ ਸਨ। ਅਸਲ ਗੱਲ ਮਰਾਠੀ ਮਾਣ-ਸਨਮਾਨ ਦੀ ਨਹੀਂ, ਸਗੋਂ ਇਹ ਹੈ ਕਿ ਸ਼ਿਵ ਸੈਨਾ ਮੁਖੀ ਬਾਲ ਠਾਕਰੇ ਨਾਲੋਂ ਵੱਖਰਾ ਹੋਣ ਪਿੱਛੋਂ ਭਤੀਜਾ ਰਾਜ ਠਾਕਰੇ ਆਪਣੇ ਖਾੜਕੂਪੁਣੇ ਨਾਲ ਮਰਾਠੇ ਲੋਕਾਂ ਦੀ ਨਜ਼ਰ ਵਿੱਚ ਹੀਰੋ ਬਣਨਾ ਚਾਹੁੰਦਾ ਸੀ। ਇਸ ਕਰਕੇ ਉਹ ਸ਼ਿਵ ਸੈਨਾ ਨਾਲੋਂ ਵੱਧ ਖੌਰੂ ਪਾਉਣ ਲੱਗ ਪਿਆ ਤੇ ਮੌਕੇ ਦੀ ਸਰਕਾਰ ਇਸ ਨੂੰ ਵੇਲੇ ਸਿਰ ਰੋਕਣ ਦਾ ਉਪਰਾਲਾ ਨਾ ਕਰ ਸਕੀ।

ਵਿਧਾਨ ਸਭਾ ਚੋਣਾਂ ਮਗਰੋਂ ਰਾਜ ਠਾਕਰੇ ਇੱਕ ਤਾਕਤ ਵਜੋਂ ਉਭਰਿਆ ਹੈ। ਬਿਨਾਂ ਸ਼ੱਕ ਇਹ ਅਜੇ ਛੋਟੀ ਤਾਕਤ ਹੈ, ਪਰ ਉਹ ਜਾਣਦਾ ਹੈ ਕਿ ਇਸ ਛੋਟੀ ਨੂੰ ਵੱਡੀ ਬਣਾਉਣ ਲਈ ਇੱਕੋ ਤਰੀਕਾ ਸਥਾਨਕ ਲੋਕਾਂ ਦੀਆਂ ਖੇਤਰੀ ਭਾਵਨਾਵਾਂ ਨੂੰ ਭੜਕਾਉਣ ਦਾ ਹੀ ਹੈ, ਜਿਹੜਾ ਉਹ ਵਰਤ ਸਕਦਾ ਹੈ। ਨਾ ਉਸ ਕੋਲ ਕੋਈ ਵਿਕਾਸ ਦੀਆਂ ਯੋਜਨਾਵਾਂ ਹਨ, ਨਾ ਰਾਜ ਦੇ ਲੋਕਾਂ ਨੂੰ ਵਿਖਾਉਣ ਯੋਗ ਕੋਈ ਭਵਿੱਖੀ-ਨਕਸ਼ਾ ਹੀ। ਲੈ-ਦੇ ਕੇ ਜਿਹੜਾ ਖੇਤਰੀਵਾਦ ਦੀਆਂ ਭਾਵਨਾਵਾਂ ਭੜਕਾਉਣ ਦਾ ਰਸਤਾ ਉਸ ਨੇ ਅਖਤਿਆਰ ਕਰ ਲਿਆ ਹੈ, ਇਹ ਉਸ ਤੋਂ ਪਹਿਲਾਂ ਕਈ ਹੋਰ ਵੀ ਕਰ ਚੁੱਕੇ ਹਨ। ਜਿਸ ਕਿਸੇ ਰਾਜ ਅੰਦਰ ਖੇਤਰੀਵਾਦ ਦਾ ਜਿੰਨ ਇੱਕ ਵਾਰੀ ਬੋਤਲ ਵਿੱਚੋਂ ਬਾਹਰ ਕੱਢਿਆ ਗਿਆ, ਫਿਰ ਉਸ ਰਾਜ ਅੰਦਰ ਸੌਖੀ ਤਰ੍ਹਾਂ ਅਮਨ ਸਥਾਪਤ ਨਹੀਂ ਹੋ ਸਕਿਆ। ਹਿੰਦੁਸਤਾਨ ਦੇ ਲੋਕਾਂ ਨੇ ਖੇਤਰੀਵਾਦ ਦੇ ਬੜੇ ਝੱਖੜ ਝੱਲੇ ਹੋਏ ਹਨ। ਕਦੇ ਇਹ ਦੱਖਣ ਵਿੱਚ ਉਠਦੇ ਰਹੇ ਹਨ, ਕਦੇ ਉਤਰ ਵਿੱਚ ਤੇ ਕਦੇ ਉਤਰ-ਪੂਰਬ ਵਿੱਚ। ਜਿੱਥੇ ਵੀ ਕਿਸੇ ਧਿਰ ਨੇ ਭਾਂਡੇ-ਮੀਂਡੇ ਦਾ ਇਹ ਰਸਤਾ ਅਖਤਿਆਰ ਕਰਨ ਦੀ ਕੋਸ਼ਿਸ਼ ਕੀਤੀ, ਵਕਤੀ ਤੌਰ 'ਤੇ ਤਾਂ ਉਸ ਨੇ ਕੋਈ ਨਾ ਕੋਈ ਲਾਹਾ ਲੈ ਲਿਆ ਹੋਵੇਗਾ, ਲੰਮੇ ਸਮੇਂ ਲਈ ਉਸ ਨੂੰ ਵੀ ਚੈਨ ਨਸੀਬ ਨਹੀਂ ਹੋ ਸਕਿਆ। ਸਮਾਂ ਪਾ ਕੇ ਉਸ ਦੇ ਆਪਣੇ ਅੰਦਰੋਂ ਕੋਈ ਨਾ ਕੋਈ ਉਸ ਤੋਂ ਤਿੱਖਾ ਏਦਾਂ ਹੀ ਪੈਦਾ ਹੁੰਦਾ ਰਿਹਾ ਹੈ, ਜਿਵੇਂ ਹੁਣ ਬਾਲ ਠਾਕਰੇ ਦੀ ਸ਼ਿਵ ਸੈਨਾ ਦੇ ਅੰਦਰੋਂ ਉਸ ਦਾ ਭਤੀਜਾ ਰਾਜ ਠਾਕਰੇ ਨਿਕਲਿਆ ਹੈ। ਇਹ ਵੀ ਤਾਂ ਕੋਈ ਆਖਰੀ ਨਹੀਂ ਹੋਣਾ।

ਭਾਰਤ ਦੇਸ਼ ਏਕਤਾ ਵਿੱਚ ਅਨੇਕਤਾ ਸਮੋਈ ਬੈਠਾ ਹੈ। ਇਸ ਵਿੱਚ ਬਹੁਤ ਸਾਰੇ ਧਰਮਾਂ, ਜਾਤਾਂ, ਨਸਲਾਂ ਦੇ ਲੋਕ ਹਨ ਤੇ ਸੰਵਿਧਾਨ ਹਰ ਕਿਸੇ ਨੂੰ ਕਿਸੇ ਵੀ ਥਾਂ ਜਾ ਕੇ ਵਸਣ ਤੇ ਵਿਗਸਣ ਦੇ ਮੌਕੇ ਦੇਣ ਦਾ ਹੱਕ ਦੇਂਦਾ ਹੈ। ਜਿਹੜੇ ਉਤਰ ਭਾਰਤੀਆਂ ਜਾਂ ਹਿੰਦੀ ਭਾਸ਼ੀਆਂ ਦਾ ਰਾਜ ਠਾਕਰੇ ਵਿਰੋਧ ਕਰ ਰਿਹਾ ਹੈ, ਉਹਨਾਂ ਨੇ ਮਹਾਂਰਾਸ਼ਟਰ ਤੇ ਖਾਸ ਕਰਕੇ ਮੁੰਬਈ ਨੂੰ ਖੁਸ਼ਹਾਲ ਬਣਾਉਣ ਵਿੱਚ ਯੋਗਦਾਨ ਪਾਇਆ ਹੈ। ਖੇਤਰੀਵਾਦ ਦੇ ਨਾਂਅ ਉਤੇ ਰਾਜ ਠਾਕਰੇ ਜਾਂ ਉਹਦੇ ਵਰਗੇ ਜੋ ਕੁਝ ਕਰਦੇ ਫਿਰਦੇ ਹਨ, ਉਹ ਦੇਸ਼ ਦੇ ਲੋਕਤੰਤਰ ਦੀ ਬੁਨਿਆਦ ਉਤੇ ਵਾਰ ਹੈ। ਇਸ ਕੋਝੀ ਹਰਕਤ ਨੂੰ ਅਣਗੌਲਿਆ ਵੀ ਨਹੀਂ ਕਰਨਾ ਚਾਹੀਦਾ, ਬਰਦਾਸ਼ਤ ਵੀ ਨਹੀਂ ਤੇ ਹਰ ਕਿਸੇ ਨੂੰ ਇਸ ਦਾ ਸਖਤੀ ਨਾਲ ਵਿਰੋਧ ਕਰਨਾ ਚਾਹੀਦਾ ਹੈ।

Longer toes eyed as sprinters' edge

Longer toes may give sprinters a leg up on other runners, according to a new study.

Sabrina Lee, a post doctoral fellow at Simon Fraser University and former researcher at Penn State University, and colleague Stephen Piazza found that longer toes and a unique ankle structure give sprinters a "burst of acceleration" over others.

The study, *Built for Speed: Musculoskeletal Structure and Sprinting Ability*, appears in the current *Journal of Experimental Biology*.

The pair studied the muscle architecture of the feet and ankles of 12 collegiate sprinters and 12 non-athletes.

Using toe measurements and ultrasound imaging to measure the sliding of the Achilles tendon during ankle motion, they first calculated the leverage of the tendon.

The researchers found that the distance between the tendon and the centre of rotation of the ankle were much shorter in sprinters, a difference they say might be explained by "a tradeoff between leverage and muscle force-generating capacity."

They developed a simple computer model to see how much acceleration they could generate when the tendon lever arm and toe lengths were changed.

"We found the greatest acceleration occurred when the Achilles tendon lever arm is the shortest and the toes are longest," says Lee, who recently began working in SFU's neuromechanics lab.

Lee says the findings are only one explanation for determining who might potentially be a good sprinter. It's still unclear what effect training can have on influencing the shape of foot bones.

Lee's doctoral work also involved examining the relationship between musculoskeletal architecture and walking in elderly adults.

She is currently collaborating with researchers at Harvard University on studies aimed at improving existing muscle models used to investigate muscle and movement disorders.

ਕਰ ਭਲਾ ਹੋ ਭਲਾ ਅੰਤ ਭਲੇ ਦਾ ਭਲਾ !

ਐਬਟਸਫੋਰਡ 'ਚ ਖੂਨਦਾਨ ਕੈਂਪ

21 ਨਵੰਬਰ ਨੂੰ ਸਿੱਖ ਨੇਸ਼ਨ ਵੱਲੋਂ ਕੈਨੇਡਾ, ਅਮਰੀਕਾ, ਇੰਗਲੈਂਡ, ਅਸਟਰੇਲੀਆ, ਜਰਮਨੀ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿੱਚ 1984 ਦੇ ਦੰਗਿਆਂ ਵਿਰੁੱਧ ਹਰ ਸਾਲ ਨਵੰਬਰ ਮਹੀਨੇ ਵਿੱਚ ਸਰਬੱਤ ਦੇ ਭਲੇ ਲਈ ਅਤੇ ਸਾਰੇ ਸੰਸਾਰ ਵਿੱਚ ਅਮਨ ਸ਼ਾਂਤੀ ਲਈ ਖੂਨਦਾਨ ਕਰਨ ਦਾ ਉਪਰਾਲਾ ਕੀਤਾ ਜਾਂਦਾ ਹੈ । ਇਸ ਰੱਬੀ ਦਾਨ ਨੂੰ ਸਾਰੀ ਦੁਨੀਆਂ ਵੱਲੋਂ ਬੜਾ ਭਰਵਾ ਹੁੰਗਾਰਾ ਮਿਲ ਰਿਹਾ ਹੈ । ਆਓ ! ਅਸੀਂ ਵੀ ਸਭ ਭੈਣ ਭਾਈ ਵੱਧ ਤੋਂ ਵੱਧ ਖੂਨਦਾਨ ਕਰਕੇ ਮਰੀਜ਼ਾਂ ਦੀਆਂ ਅਸੀਸਾਂ ਪ੍ਰਾਪਤ ਕਰੀਏ ਅਤੇ ਸਿੱਖ ਧਰਮ ਦੇ ਇਸ ਮਹਾਨ ਕਾਰਜ਼ ਨੂੰ ਹੋਰ ਮਜ਼ਬੂਤ ਕਰੀਏ । ਸਾਡੇ ਸਭ ਲਈ ਇਹ ਮਹਾਨ ਕਾਰਜ ਪੁੰਨ ਅਤੇ ਫਲ੍ਹੀਆਂ ਹਨ, ਕਿਉਂਕਿ ਅਸੀਂ ਇਕ ਬੋਤਲ ਖੂਨਦਾਨ ਕਰਨ ਤੋਂ 3 ਤੋਂ 4 ਮਨੁੱਖੀ ਜਾਨਾਂ ਬਚਾ ਸਕਦੇ ਹਾਂ ਅਤੇ ਇਸਦੇ ਨਾਲ 2 ਹੀ ਸਾਡੇ ਬਹੁਤ ਸਾਰੇ ਖੂਨ ਸਬੰਧੀ ਟੈਸਟ ਵੀ ਹੋ ਜਾਂਦੇ ਹਨ ।

ਖੂਨਦਾਨ ਕੈਂਪ ਐਸਟਸਫੋਰਡ ਵਿੱਚ ਗਲੈਡਵਿਨ ਰੋਡ ਅਤੇ ਸੈਕਲਿਊਰ ਰੋਡ ਦੇ ਕਾਰਨਰ ਤੇ ਚਰਚ ਵਿੱਚ ਠੀਕ 11 ਵਜੇ ਤੋਂ 5 ਵਜੇ ਤੱਕ ਲੱਗ ਰਿਹਾ ਹੈ । ਸਭਨਾਂ ਨੂੰ ਦਾਸ ਦੀ ਹੱਥ ਜੋੜ ਕੇ ਬੇਨਤੀ ਹੈ ਕਿ ਵੱਧ ਤੋਂ ਵੱਧ ਕੈਂਪ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ । ਹੋਰ ਜਾਣਕਾਰੀ ਲਈ ਸੰਪਰਕ ਕਰੋ : ਜਗਜੀਵਨ ਗਿੱਲ (604-850-3127)

PH CONTRACTORS LTD
ਪੀ ਐਚ ਕੰਟਰੈਕਟਜ਼

Complete Design and Installation of Septic Fields
Certified Designer & Installer



Parminder Sidhu, R.O.W.P

Supply, Service and Installation
Pumps, Irrigation Systems, Pole Driving

MINI EXCAVATOR SERVICES

ਪੰਪ, ਇਰੀਗੇਸ਼ਨ ਸਿਸਟਮ ਲਈ ਸਪਲਾਈ, ਸਰਵਿਸ ਅਤੇ ਇਨਸਟਾਲੇਸ਼ਨ



604-807-7890

Full Road Closure of Old Yale Road, Marshall Road to Dina Place November 9 – December 23, 2009

A full road closure will be in effect on Old Yale Road, from Marshall Road to Dina Place, from November 9 to December 23, 2009. Due to the complexity and scope of work, we will no longer be able to maintain single lane alternating traffic, as previously advertised. The project will be monitored to determine if further road closures are necessary.

No through traffic will be permitted during the full road closure; however, access to properties on Old Yale Road, between Marshall Road and Dina Place, will be maintained.

This project is expected to be completed by April 2010.

Transit customers please visit: www.bctransit.com/regions/cfv/ for re-routing information.



Your understanding and cooperation are appreciated. If you have any questions, please contact Amer Nawaz at 604-864-5514 or anawaz@abbotsford.ca.

ਚਲੰਤ ਮਾਮਲੇ

ਪੰਜਾਬ 'ਚ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ

ਬੀਤੇ ਸੋਮਵਾਰ ਨੂੰ ਪੰਜਾਬੀ ਚੌਕਸੀ ਵਿਭਾਗ ਨੇ ਰਾਜ ਦੇ ਇਕ ਸੀਨੀਅਰ ਆਈ. ਏ. ਐਸ. ਅਫ਼ਸਰ ਨੂੰ ਦੋ ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀ ਫੜ ਲਿਆ ਹੈ। ਮੀਡੀਏ 'ਚ ਇਸ ਘਟਨਾ ਦੀ ਭਾਰੀ ਚਰਚਾ ਹੋ ਰਹੀ ਹੈ। ਸ਼ਾਇਦ ਇਹ ਪਹਿਲੀ ਵਾਰੀ ਹੈ ਕਿ ਏਡੇ ਸੀਨੀਅਰ ਅਫ਼ਸਰ ਨੂੰ ਚੌਕਸੀ ਵਿਭਾਗ ਨੇ ਹੱਥ ਪਾਇਆ ਹੈ। ਇਸ ਅਫ਼ਸਰ ਬਾਰੇ ਪਹਿਲਾਂ ਵੀ ਛੁਟ ਪੁਟ ਖ਼ਬਰਾਂ ਆਉਂਦੀਆਂ ਰਹੀਆਂ ਕਿ ਇਹ ਸਨਅਤਕਾਰਾਂ ਦੇ ਕੰਮ ਕਰਨ ਬਦਲੇ ਵੱਡੇ 'ਤੋਹਫ਼ੇ' ਲੈਂਦਾ ਰਿਹਾ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਆਪਣੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਨੂੰ ਵੀ ਬਦਲਿਆ ਹੈ। ਭਾਵੇਂ ਉਸ ਦੇ ਖਿਲਾਫ਼ ਇਸ ਤਰ੍ਹਾਂ ਦੀ ਕੋਈ ਕਾਰਵਾਈ ਨਹੀਂ ਹੋਈ ਪਰ ਫੇਰ ਵੀ ਇਕ ਸਿਰਮੌਰ ਅਧਿਕਾਰੀ ਨੂੰ ਬਦਲਣਾ ਕੁਝ ਅਜੀਬ ਅਵੱਸ ਲਗਦਾ ਹੈ। ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਉਠਾਏ ਜਾ ਰਹੇ ਕਦਮ ਸ਼ਲਾਘਾਯੋਗ ਹਨ। ਸੁਆਲ ਪੈਦਾ ਹੁੰਦਾ ਹੈ ਕਿ ਕੀ ਇਕ ਅੱਧ ਉਚ ਅਧਿਕਾਰੀ ਨੂੰ ਫੜ੍ਹੇ ਜਾਣ ਨਾਲ ਭ੍ਰਿਸ਼ਟਾਚਾਰ ਖਤਮ ਹੋ ਜਾਵੇਗਾ? ਪੰਜਾਬ ਵਿਚ ਹੀ ਤਹਿਸੀਲ ਤੇ ਜਿਲ੍ਹਾ ਪੱਧਰ 'ਤੇ ਭ੍ਰਿਸ਼ਟਾਚਾਰ ਦਾ ਮੱਕੜ-ਜਾਲ ਪੂਰੀ ਤਰ੍ਹਾਂ ਫੈਲਿਆ ਹੋਇਆ ਹੈ। ਸ਼ਾਇਦ ਹੀ ਕੋਈ ਅਜਿਹਾ ਮਹਿਕਮਾ ਹੋਵੇ ਜੋ ਇਸ ਦੀ ਲਪੇਟ ਵਿਚ ਨਾ ਆਇਆ ਹੋਵੇ। ਸਾਰੇ ਪ੍ਰਸ਼ਾਸਨ 'ਚ ਤੇ ਪੁਲਿਸ ਮਹਿਕਮੇ 'ਚ ਬਹੁਤ ਘੱਟ ਅਧਿਕਾਰੀ ਅਜਿਹੇ ਹਨ ਜੋ ਭ੍ਰਿਸ਼ਟਾਚਾਰ ਦੀ ਮਾਰ ਤੋਂ ਮੁਕਤ ਹਨ। ਬਹੁਤੀਆਂ ਹਾਲਤਾਂ 'ਚ ਸੱਤਾਧਾਰੀ ਪਾਰਟੀਆਂ ਦੇ ਨੇਤਾ ਤੇ ਕਾਰਕੁੰਨ ਖੁਦ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕਰਦੇ ਹਨ। ਰਾਜ ਦੇ ਬਹੁਤ ਸਾਰੇ ਸਿਆਸਤਦਾਨਾਂ ਦੇ ਅਪਰਾਧੀ ਛਵੀ ਵਾਲੇ ਲੋਕਾਂ ਨਾਲ ਸਬੰਧ ਹਨ। ਤਸਕਰਾਂ ਤੇ ਹੋਰ ਠੱਗੀਆਂ ਮਾਰਨ ਵਾਲੇ ਬਹੁਤ ਸਾਰੇ ਸਰਗਨਿਆਂ ਨੂੰ ਪ੍ਰਭਾਵਸ਼ਾਲੀ ਲੋਕਾਂ ਦੀ ਸਰਪ੍ਰਸਤੀ ਮਿਲੀ ਹੋਈ ਹੈ। ਇਹ ਸਰਪ੍ਰਸਤੀ ਮੁਫਤ 'ਚ ਨਹੀਂ ਮਿਲਦੀ। ਇਸ ਦੀ ਕਿਸੇ ਨਾ ਕਿਸੇ ਰੂਪ 'ਚ ਕੀਮਤ ਚੁਕਾਉਣੀ ਪੈਂਦੀ ਹੈ। ਪੰਜਾਬ ਦੇ ਮਾਲ ਮਹਿਕਮੇ 'ਚ ਫੈਲੇ ਵਿਆਪਕ ਭ੍ਰਿਸ਼ਟਾਚਾਰ ਦੀਆਂ ਖ਼ਬਰਾਂ ਹਰ ਰੋਜ਼ ਮਿਲਦੀਆਂ ਰਹਿੰਦੀਆਂ ਹਨ। ਰਜਿਸਟਰੀਆਂ ਤੇ ਇੰਤਕਾਲ ਕਰਨ ਵਾਲੇ ਅਧਿਕਾਰੀ ਪੂਤੀ ਮਹੀਨਾ ਲੱਖਾਂ ਰੁਪਇਆਂ ਦੀ ਰਿਸ਼ਵਤ ਇਕੱਠੀ ਕਰਦੇ ਹਨ। ਇਸ ਦਾ ਬੇਬਾਕ ਖੁਲਾਸਾ ਲੁਧਿਆਣਾ ਦੇ ਇਕ ਮਾਲ ਅਧਿਕਾਰੀ ਨੇ ਕੀਤਾ ਵੀ ਸੀ। ਪਰ ਸਰਕਾਰ ਨੇ ਇਸ ਸਾਰੀ ਘਟਨਾ 'ਤੇ ਪਰਦਾ ਪਾਉਣ ਦੀ ਬਜਾਏ ਕੁਝ ਨਹੀਂ ਕੀਤਾ। ਇਸੇ ਤਰ੍ਹਾਂ ਲੁਧਿਆਣਾ ਦੇ ਹੀ ਤਹਿਸੀਲਦਾਰ ਨੇ ਜੋ ਅਸ਼ਟਾਮ ਘੁਟਾਲੇ ਦਾ ਪਰਦਾਫਾਸ਼ ਕੀਤਾ ਸੀ ਤੇ ਉਸ ਬਦਲੇ ਤਸੀਹੇ ਵੀ ਸਹੇ, ਉਸ ਸਾਰੇ ਮਾਮਲੇ 'ਚ ਸਿਆਸੀ ਪ੍ਰਭੂਆਂ ਦੀ ਮਿਲੀਭੁਗਤ ਸਭ ਦੇ ਸਾਹਮਣੇ ਨਸ਼ਰ ਹੋ ਗਈ ਸੀ, ਪਰ ਸਰਕਾਰ ਨੇ ਇਸ ਮਾਮਲੇ 'ਚ ਵੀ ਭਾਰੀ ਜਨਤਕ ਦਬਾਅ ਤੋਂ ਬਾਅਦ ਹੀ ਕੁਝ ਕਾਰਵਾਈ ਕੀਤੀ ਜੋ ਅਜੇ ਤੱਕ ਕਿਸੇ ਕੰਢੇ ਲਗਦੀ ਨਜ਼ਰ ਨਹੀਂ ਆਉਂਦੀ। ਭਾਵੇਂ ਰਾਜ ਸਰਕਾਰ ਦੇ ਮਹਿਕਮੇ ਹੋਣ ਜਾਂ ਸਥਾਨਕ ਸਰਕਾਰਾਂ ਦੇ ਦਫ਼ਤਰ ਲੋਕਾਂ ਦਾ ਕੰਮ ਬਿਨਾਂ ਕਿਸੇ ਸਿਫਾਰਿਸ਼ ਜਾਂ ਰਿਸ਼ਵਤ ਦੇ ਨਹੀਂ ਹੁੰਦਾ। ਮੁੱਠੀ ਗਰਮ ਕਰਕੇ ਲੋਕ ਆਪਣੇ ਨਜ਼ਾਇਜ਼ ਕੰਮ ਵੀ ਅਰਾਮ ਨਾਲ ਕਰਵਾ ਲੈਂਦੇ ਹਨ। ਅਜੇ ਤੱਕ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਰਚਨਾਤੰਤਰ ਨੂੰ ਤੋੜਨ ਲਈ ਕੋਈ ਵਿਉਂਤਬੱਧ ਅਮਲ ਸ਼ੁਰੂ ਨਹੀਂ ਕੀਤਾ। ਹੇਠ ਤੋਂ ਲੈ ਕੇ ਉਪਰ ਤੱਕ ਸਾਰਾ ਤਾਣਾ-ਬਾਣਾ ਇਕ ਮਸ਼ੀਨ ਦੀ ਤਰ੍ਹਾਂ ਕੰਮ ਕਰਦਾ ਹੈ। ਜੇਕਰ ਉਪਰਲੇ ਅਧਿਕਾਰੀ ਭ੍ਰਿਸ਼ਟਾਚਾਰ ਤੋਂ ਮੁਕਤ ਹੋਣ ਤਾਂ ਉਹ ਹੇਠਲੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਆਸਾਨੀ ਨਾਲ ਨੱਥ ਪਾ ਸਕਦੇ ਹਨ।

ਭ੍ਰਿਸ਼ਟਾਚਾਰ ਦੇ ਮਾਮਲੇ 'ਚ ਪੰਜਾਬ ਸਰਕਾਰ ਦੇ ਅਧਿਕਾਰੀਆਂ ਦਾ ਵਤੀਰਾ ਹੋਰ ਵੀ ਨਿਖੇਧੀਜਨਕ ਬਣ ਜਾਂਦਾ ਹੈ ਜਦੋਂ ਉਹ ਰੰਗੇ ਹੱਥੀਂ ਫੜੇ ਗਏ ਕਰਮਚਾਰੀਆਂ ਦੇ ਖਿਲਾਫ਼ ਕਨੂੰਨੀ ਕਾਰਵਾਈ ਕਰਨ ਲਈ ਤੁਰੰਤ ਪ੍ਰਵਾਨਗੀ ਨਹੀਂ ਦਿੰਦੇ। ਕਈ ਕੇਸਾਂ 'ਚ ਤਾਂ ਭ੍ਰਿਸ਼ਟ ਕਰਮਚਾਰੀ ਜਾਂ ਅਧਿਕਾਰੀ ਆਪਣੇ ਉਪਰਲਿਆਂ ਨੂੰ ਰਿਸ਼ਵਤਾਂ ਦੇ ਕੇ ਆਪਣੀ ਪੜਤਾਲ ਹੀ ਠੱਪ ਕਰਵਾ ਦਿੰਦੇ ਹਨ। ਪੰਜਾਬ ਚੌਕਸੀ ਵਿਭਾਗ ਕਾਰਵਾਈ ਕਰਨ ਲਈ ਭ੍ਰਿਸ਼ਟ ਕਰਮਚਾਰੀਆਂ ਦੇ ਪਿਤਰੀ ਵਿਭਾਗਾਂ ਨੂੰ ਲਿਖਦਾ ਰਹਿੰਦਾ ਹੈ। ਪਰ ਉਨ੍ਹਾਂ ਵਿਭਾਗਾਂ ਤੋਂ ਕਈ ਕਈ ਮਹੀਨੇ ਜਵਾਬ ਹੀ ਨਹੀਂ ਆਉਂਦਾ। ਕਈ ਕੇਸਾਂ 'ਚ ਨਿਸ਼ਚਿਤ ਸਮੇਂ 'ਚ ਚਲਾਨ ਪੇਸ਼ ਨਾ ਹੋਣ ਕਾਰਨ ਕੋਈ ਕਨੂੰਨੀ ਕਾਰਵਾਈ ਹੁੰਦੀ ਹੀ ਨਹੀਂ। ਹੁਣ ਜੇਕਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਰਾਜ ਵਿਚੋਂ ਭ੍ਰਿਸ਼ਟਾਚਾਰ ਖਤਮ ਕਰਨ ਦਾ ਬੀੜਾ ਚੁੱਕਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਪਹਿਲਾਂ ਉਨ੍ਹਾਂ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਜਿਨ੍ਹਾਂ ਨੇ ਸਮੇਂ ਸਿਰ ਭ੍ਰਿਸ਼ਟ ਕਰਮਚਾਰੀਆਂ ਖਿਲਾਫ਼ ਕਨੂੰਨੀ ਕਾਰਵਾਈ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ। ਆਪਣੀ ਪਿਛਲੀ ਸਰਕਾਰ ਸਮੇਂ ਵੀ ਸ. ਬਾਦਲ ਨੇ ਭ੍ਰਿਸ਼ਟ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਫੜਾਉਣ ਵਾਲੇ ਵਿਅਕਤੀਆਂ ਲਈ ਪੰਜਾਹ ਹਜ਼ਾਰ ਰੁਪਏ ਇਨਾਮ ਰੱਖਿਆ ਸੀ। ਇਸ ਮੁਹਿੰਮ ਦਾ ਜੋ ਹਸ਼ਰ ਹੋਇਆ ਉਹ ਸਭ ਦੇ ਸਾਹਮਣੇ ਹੈ। ਉਸ ਸਮੇਂ ਖੁਦ ਬਾਦਲ ਪਰਿਵਾਰ 'ਤੇ ਅਣਉਚਿਤ ਢੰਗ ਨਾਲ ਦੋਲਤ ਇਕੱਠੀ ਕਰਨ ਦੇ ਗੰਭੀਰ ਦੋਸ਼ ਲੱਗ ਗਏ ਸਨ ਜਿਨ੍ਹਾਂ ਸਬੰਧੀ ਅਦਾਲਤੀ ਕਾਰਵਾਈ ਅਜੇ ਵੀ ਚੱਲ ਰਹੀ ਹੈ। ਹੁਣ ਪੰਜਾਬ ਸਰਕਾਰ ਆਪਣੀ ਭ੍ਰਿਸ਼ਟਾਚਾਰ ਵਿਰੁੱਧੀ ਮੁਹਿੰਮ ਨੂੰ ਕਿੰਨੀ ਕੁ ਗੰਭੀਰਤਾ ਨਾਲ ਚਲਾਉਂਦੀ ਹੈ, ਇਸ ਬਾਰੇ ਖੁਲਾਸਾ ਆਉਣ ਵਾਲੇ ਸਮੇਂ 'ਚ ਹੋ ਜਾਵੇਗਾ। ਇਕ ਸੀਨੀਅਰ ਅਧਿਕਾਰੀ ਦਾ ਭ੍ਰਿਸ਼ਟਾਚਾਰ ਵਰਗੇ ਅਨੈਤਿਕ ਧੰਦੇ 'ਚ ਪਕੜਿਆ ਜਾਣਾ ਇਹ ਸਾਬਤ ਕਰਦਾ ਹੈ ਕਿ ਪੰਜਾਬ 'ਚ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਅਤੇ ਰਾਜ ਸਰਕਾਰ ਇਸ ਨੂੰ ਤਾਂ ਹੀ ਨੱਥ ਪਾ ਸਕਦੀ ਹੈ ਜੇਕਰ ਉਹ ਇਸ ਖਿਲਾਫ਼ ਜੰਗ ਦਾ ਐਲਾਨ ਕਰਕੇ ਪੂਰੀ ਪ੍ਰਤੀਬੱਧਤਾ ਨਾਲ ਕਾਰਵਾਈ ਆਰੰਭ ਕਰ ਦੇਵੇ।

ਕਦੋਂ ਸਜੇਗਾ ਪੰਜਾਬੀ ਸਿਰ ਹਕੀਕੀ ਰਾਜ ਭਾਸ਼ਾ ਦਾ ਤਾਜ ?

ਪੰਜਾਬ ਪ੍ਰਾਂਤ ਦੀ ਰਾਜ ਭਾਸ਼ਾ ਤਾਂ ਪੰਜਾਬੀ ਹੈ ਪਰ ਇਸ ਸਰਕਾਰੇ-ਦਰਬਾਰੇ ਅਮਲ ਅਣਗੌਲਿਆ ਹੈ। ਪਹਿਲੀ ਨਵੰਬਰ 1966 ਨੂੰ ਭਾਸ਼ਾ ਦੇ ਅਧਾਰ 'ਤੇ ਪੰਜਾਬੀ ਸੂਬਾ ਹੋਂਦ ਵਿਚ ਆਉਣ ਤੋਂ ਬਾਅਦ ਸੰਨ 1967 ਵਿਚ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਦੇ ਯਤਨਾਂ ਨਾਲ ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਵਾਲਾ ਵਿਧਾਨਿਕ ਕਾਨੂੰਨ ਪਾਸ ਕੀਤਾ ਗਿਆ। ਕੁਝ ਕੁ ਸਰਕਾਰੀ ਪ੍ਰਸ਼ਾਸਨਿਕ ਨਿਯਮਾਂ ਦੇ ਅੰਗਰੇਜ਼ੀ ਤੋਂ ਪੰਜਾਬੀ ਭਾਸ਼ਾ ਵਿਚ ਉਲੱਥੇ ਹੋਣ ਲੱਗੇ। ਭਾਸ਼ਾ ਵਿਭਾਗ ਅਤੇ ਕਾਨੂੰਨੀ ਮਸ਼ੀਰਾਂ ਨੇ ਪ੍ਰਸ਼ਾਸਨਿਕ ਅੰਗਰੇਜ਼ੀ ਸ਼ਬਦਾਂ ਦੇ ਪੰਜਾਬੀ ਭਾਸ਼ਾ ਵਿਚ ਉਨ੍ਹਾਂ ਦੇ ਮੇਲ ਅਤੇ ਪ੍ਰਭਾਵ ਦੇ ਸ਼ਬਦ ਉਲੀਕੇ। ਪਰ ਸਰਕਾਰੀ, ਅਰਧ-ਸਰਕਾਰੀ ਕਾਰ-ਵਿਹਾਰ ਵਿਚ ਅੰਗਰੇਜ਼ੀ ਪ੍ਰਧਾਨ ਰਹੀ। ਪੰਜਾਬੀ ਪ੍ਰੇਮੀਆਂ, ਸਾਹਿਤਕਾਰਾਂ, ਕਵੀਆਂ ਆਦਿ ਨੇ ਵਾਰ-ਵਾਰ ਵੱਖ-ਵੱਖ ਸਰਕਾਰਾਂ 'ਤੇ ਪੰਜਾਬੀਆਂ ਦੀ ਮਾਤ ਭਾਸ਼ਾ ਪੰਜਾਬੀ ਸਿਰ ਹਕੀਕੀ ਰਾਜ ਭਾਸ਼ਾ ਵਜੋਂ ਤਾਜ ਪਹਿਨਾਉਣ 'ਤੇ ਜ਼ੋਰ ਦਿੱਤਾ। ਪਰ ਹਸ਼ਰ ਇਹੀ ਹੁੰਦਾ ਰਿਹਾ 'ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ।

ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅਕਤੂਬਰ 2008 ਵਿਚ ਪੰਜਾਬੀ ਨੂੰ ਹਕੀਕੀ ਰਾਜ ਭਾਸ਼ਾ ਬਣਾਉਣ ਲਈ ਵਿਧਾਨਿਕ ਕਾਨੂੰਨ ਪਾਸ ਕੀਤਾ ਜਿਸ ਵਿਚ ਸਰਕਾਰੀ ਕਰਮਚਾਰੀ ਅਤੇ ਅਧਿਕਾਰੀ ਨੂੰ ਪੰਜਾਬੀ ਵਿਚ ਕੰਮ-ਕਾਜ ਨਾ ਕਰਨ ਦੀ ਉਲੰਘਣਾ ਕਰਨ ਤੇ ਸਜ਼ਾ ਦੇਣ ਦਾ ਸਮਰਥ ਅਧਿਕਾਰ ਨਿਰਦੇਸ਼ਕ ਭਾਸ਼ਾ ਵਿਭਾਗ ਨੂੰ ਸੌਂਪਿਆ ਗਿਆ। ਪੰਜਾਬੀ ਦੇ ਅਮਲ ਲਈ ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਕਮੇਟੀਆਂ ਵੀ ਬਣੀਆਂ ਪਰ ਫਿਰ ਵੀ ਅਮਲ ਸੁਨਿਸ਼ਚਤ ਨਾ ਹੋ ਸਕਿਆ। ਨਤੀਜੇ ਵਜੋਂ ਕਮੇਟੀਆਂ ਦੇ ਮੈਂਬਰ ਅਪ੍ਰਭਾਵੀ ਹੋਣ ਕਰਕੇ ਅਸਤੀਫੇ ਦੇਣ ਵੱਲ ਤੁਰ ਪਏ ਜੋ ਸਾਰਥਕ ਵਰਤਾਰਾ ਨਹੀਂ ਕਿਹਾ ਜਾ ਸਕਦਾ।

ਨਾਥ ਜੋਗੀਆਂ ਨੇ ਪੂਰਬ ਨਾਨਕ ਕਾਲ ਵੇਲੇ ਜੋ ਸਾਹਿਤ ਰਚਿਆ, ਉਸ ਵਿਚ ਪੰਜਾਬੀ ਭਾਸ਼ਾ ਦੇ ਵਧੀਆ ਦੋਹੇ ਮਿਲਦੇ ਹਨ ਜਿਵੇਂ

"ਖਾਇਆ ਵੀ ਮਰੈ, ਅਣਖਾਇਆ ਵੀ ਮਰੈ,

ਗੋਰਖ ਕਹੇ ਪੂਤਾ ਸੰਜਮੀ ਧਰੇ।"

ਅਸਲ ਟਕਸਾਲੀ ਪੰਜਾਬੀ ਭਾਸ਼ਾ ਦੀ ਝਲਕ ਬਾਬਾ ਫਰੀਦ ਕਾਲ ਤੋਂ ਸਾਹਮਣੇ ਆਈ। ਗੁਰੂ ਨਾਨਕ ਦੇਵ ਜੀ ਅਤੇ ਦੂਸਰੇ ਗੁਰੂਆਂ ਨੇ ਪੰਜਾਬੀ ਭਾਸ਼ਾ ਵਿਚ ਗੁਰਬਾਣੀ ਰਚ ਕੇ ਇਸ ਨੂੰ ਪੰਜਾਬੀ ਸਮਾਜ ਅਤੇ ਪੰਜਾਬ ਦੇ ਕਣ-ਕਣ ਵਿਚ ਵਸਾ ਦਿੱਤਾ ਜਿਸ ਦਾ ਸਿਖਰ ਗੁਰੂ ਅਰਜਨ ਦੇਵ ਜੀ ਵੱਲੋਂ ਸੰਪਾਦਤ ਗੁਰੂ ਗ੍ਰੰਥ ਸਾਹਿਬ ਜੀ ਹੋ ਨਿਬੜੇ। ਸੂਫੀ ਕਵੀਆਂ ਦੇ ਕਿੱਸੇ ਕਲਾਮਾਂ ਨੇ ਇਸ ਨੂੰ ਹੋਰ ਵਡਿਆਈ ਬਖਸ਼ੀ। ਪਰ ਪੰਜਾਬ ਦੇ ਸਾਸ਼ਕਾਂ ਨੇ ਇਸ ਨੂੰ ਸਰਕਾਰੇ-ਦਰਬਾਰੇ ਕਦੇ ਰਾਣੀ ਵਜੋਂ ਮਾਣ ਨਾ ਦਿੱਤਾ। ਇਥੋਂ ਤਕ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਵੀ ਪੰਜਾਬੀ ਦੀ ਥਾਂ ਫਾਰਸੀ ਨੂੰ ਸਰਕਾਰੀ ਭਾਸ਼ਾ ਵਜੋਂ ਤਰਜੀਹ ਦਿੱਤੀ।

ਅੰਗਰੇਜ਼ ਕਾਲ ਵੇਲੇ ਪੰਜਾਬ ਵਿਚ ਅੰਗਰੇਜ਼ੀ, ਫਾਰਸੀ ਅਤੇ ਉਰਦੂ ਦਾ ਬੋਲਬਾਲਾ ਰਿਹਾ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਵੀ ਅੰਗਰੇਜ਼ੀ ਦਾ ਦਬਦਬਾ ਕਾਇਮ ਰਿਹਾ। ਇਸੇ ਦੌਰਾਨ ਪੰਜਾਬੀ ਭਾਸ਼ਾ ਅਤੇ ਬੋਲੀ ਵਿਚ ਅੰਗਰੇਜ਼ੀ ਦੇ ਅਨੇਕਾਂ ਸ਼ਬਦਾਂ ਜਿਵੇਂ ਸਕੂਲ, ਪੈਨ, ਪੈਂਟ, ਗੈਸ, ਸਟੂਲ, ਪੈਨਸਿਲ, ਗਰੁੱਪ, ਕੌਂਸਲ ਟਰੇਡ ਯੂਨੀਅਨ, ਸਿਸਟਮ, ਟੈਲੀਵਿਜ਼ਨ ਆਦਿ ਸ਼ਬਦਾਂ ਉਰਦੂ ਦੇ ਹੁਕਮ ਰਹਿਮਤ, ਬਖਸ਼ਿਸ਼, ਸਖਾਵਤ, ਸ਼ਰਾਫਤ, ਹਮਲਾ, ਆਦਿ ਸ਼ਬਦਾਂ, ਫਾਰਸੀ ਦੇ ਗਜ਼ਲ, ਖੁਦਾਅ, ਕਹਾਵਤ, ਸਜਾਵਟ, ਤੜਫ, ਮੁਨਸਫ ਆਦਿ ਸ਼ਬਦਾਂ, ਅਰਬੀ ਦੇ ਕਿੱਸਾ, ਅਲਾਹ, ਰੱਬ, ਗੁਨਾਹਗਾਰ, ਖੁਦਦਾਰ, ਇਸਲਾਮ ਇਬਾਦਤ ਆਦਿ ਸ਼ਬਦਾਂ, ਹਿੰਦੀ ਦੇ ਨਿਬੰਧ, ਕਥਾ, ਵਸਤੂ, ਆਤਮਾ, ਪਰਮਾਤਮਾ, ਕਿਰਿਆ, ਸੰਮਿਲਤ, ਸੰਚਾਰ, ਵਿਵਸਥਾ, ਪਰਿਵਰਤਨ, ਵਿਸ਼ਲੇਸ਼ਣ, ਮਾਤਰ ਭਾਸ਼ਾ ਆਦਿ ਸ਼ਬਦਾਂ ਨੇ ਆਪਣਾ ਘਰ ਬਣਾ ਲਿਆ।

ਕੈਨੇਡਾ ਦੇ ਇਕ ਪ੍ਰਾਂਤ ਵਿਚ ਪੰਜਾਬੀ ਭਾਸ਼ਾ ਨੂੰ ਮਾਨਤਾ ਮਿਲ ਚੁੱਕੀ ਹੈ। ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਦੇਸ਼ਾਂ ਵਿਚ ਪੰਜਾਬੀ ਪ੍ਰੇਮੀ ਪੰਜਾਬੀ ਭਾਸ਼ਾ ਦੀ ਪੜ੍ਹਾਈ ਦੇ ਪ੍ਰਬੰਧਾਂ ਲਈ ਯਤਨਸ਼ੀਲ ਹਨ। ਇਹ ਇਕ ਚੰਗਾ ਸੁਨੇਹਾ ਹੈ। ਭਾਰਤ ਅੰਦਰ ਪੰਜਾਬੀ ਨੂੰ ਦੂਸਰੀ ਭਾਸ਼ਾ ਵਜੋਂ ਮਾਣ ਨਹੀਂ ਦਿਵਾ ਸਕੇ ਤਾਂ ਇਸ ਲਈ ਸਰਕਾਰਾਂ ਨਾਲ ਅਸੀਂ ਪੰਜਾਬੀ ਵੀ ਜ਼ਿੰਮੇਵਾਰ ਹਾਂ।

ਪੰਜਾਬ ਰਾਜ ਸੂਚਨਾ ਕਮਿਸ਼ਨ ਵਿਚ ਸਮੁੱਚਾ ਕੰਮ ਅੰਗਰੇਜ਼ੀ ਵਿਚ ਹੋ ਰਿਹਾ ਹੈ ਜਦ ਕਿ ਗੁਜਰਾਤ, ਬਿਹਾਰ, ਪੱਛਮੀ ਬੰਗਾਲ, ਉੜੀਸਾ, ਮੱਧ ਪ੍ਰਦੇਸ਼, ਤਾਮਿਲਨਾਡੂ, ਕੇਰਲ, ਮਹਾਂਰਾਸ਼ਟਰ ਆਦਿ ਰਾਜਾਂ ਦੇ ਸੂਚਨਾ ਕਮਿਸ਼ਨਾਂ ਦੀ ਵੈਬਸਾਈਟਾਂ ਖੋਲ੍ਹ ਕੇ ਵੇਖੀਏ ਤਾਂ ਉਨ੍ਹਾਂ ਰਾਜਾਂ ਦੇ ਸੂਚਨਾ ਕਮਿਸ਼ਨਰਾਂ ਦੇ ਫੈਸਲੇ ਅਤੇ ਕੰਮ-ਕਾਜ ਉਨ੍ਹਾਂ ਦੀਆਂ ਭਾਸ਼ਾਵਾਂ ਵਿਚ ਹੁੰਦਾ ਵੇਖਿਆ। ਹੁਣ ਪੰਜਾਬੀ ਵਿਚ ਕੰਮ-ਕਾਜ ਕਰਨ ਤੇ ਫੈਸਲੇ ਲਿਖਵਾਉਣ ਦੀ ਪਿਰਤ ਅਰੰਭੀ ਗਈ ਹੈ।

ਰਾਜ ਸੂਚਨਾ ਕਮਿਸ਼ਨਰ ਸ੍ਰੀ ਰਮੇਸਇੰਦਰ ਸਿੰਘ ਦੀ ਅਗਵਾਈ ਵਿਚ ਸੂਚਨਾ ਅਧਿਕਾਰ ਕਾਨੂੰਨ ਨੂੰ ਪੰਜਾਬੀ ਵਿਚ ਉਲਝਾਉਣ ਦਾ ਨਿਰਣਾ ਲਿਆ ਹੈ। ਕਮਿਸ਼ਨ ਨੇ ਕਾਨੂੰਨੀ ਮੁਸ਼ੀਰ, ਨਿਰਦੇਸ਼ਕ ਭਾਸ਼ਾ ਵਿਭਾਗ ਤੋਂ ਉਲਥਾ ਪ੍ਰਾਪਤ ਕੀਤਾ ਅਤੇ ਸਰਬ ਪ੍ਰਵਾਨਿਤ ਉਲੱਥਾ ਹੋਂਦ ਵਿਚ ਲਿਆਉਣ ਦਾ ਯਤਨ ਕੀਤਾ ਹੈ। ਅੰਗਰੇਜ਼ੀ ਤੋਂ ਸਹੀ ਪ੍ਰਮਾਣਿਤ ਪੰਜਾਬੀ ਵਿਧਾਨਿਕ ਸ਼ਬਦਾਂ ਦੇ ਉਲੱਥੇ ਵਿਚ ਬਹੁਤ ਔਕੜਾਂ ਆਈਆਂ ਹਨ।

ਪੰਜਾਬੀ ਭਾਸ਼ਾ ਨੂੰ ਸਮੇਂ ਦਾ ਹਾਣੀ ਬਣਨ ਲਈ ਅਜੇ ਵੱਡੇ ਮਰਹਲੇ ਤੈਅ ਕਰਨੇ ਪੈਣੇ ਹਨ। ਵਿਧਾਨਕ, ਪ੍ਰਸ਼ਾਸਨਿਕ, ਵਿਗਿਆਨਕ, ਹਿਸਾਬ, ਜਿਓਮੈਟਰੀ, ਤਕਨੀਕੀ ਆਦਿ ਸ਼ਬਦਾਂ ਦੀ ਹਰ ਪੱਧਰ 'ਤੇ ਸਹੀ ਖੋਜ ਕਰਨੀ ਪੈਣੀ ਹੈ। ਸਥਾਪਤ ਨਿਜ਼ਾਮ ਨਾਲ ਅਜੇ ਵੱਡਾ ਘੋਲ ਬਰਕਾਰਰ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪੰਜਾਬੀ ਜਨਤਕ ਉਭਾਰ ਨੂੰ ਸਮਝਦੇ ਹੋਏ ਖੁਦ ਅੰਗਰੇਜ਼ੀ ਲਿਖਤ ਦਸਤਾਵੇਜ਼ ਅਤੇ ਫਾਈਲਾਂ ਵਾਪਸ ਕਰਨ ਲੱਗ ਪਏ ਹਨ। ਲੋੜ ਹੈ ਉਨ੍ਹਾਂ ਅਤੇ ਸਹਿਯੋਗੀ ਮੰਤਰੀਆਂ ਵੱਲੋਂ ਪੰਜਾਬੀ ਭਾਸ਼ਾ ਵਿਚ ਕੰਮ ਨਾ ਕਰਨ ਵਾਲਿਆਂ ਵਿਰੁੱਧ ਸਜ਼ਾ-ਜੁਗਤ ਕਦਮ ਉਠਾਉਣ ਦੀ। ਇਸ ਲਈ ਪੰਜਾਬੀ ਨੂੰ ਉਸ ਦਾ ਰਾਜ ਭਾਸ਼ਾ ਵਜੋਂ ਯੋਗ ਸਥਾਨ ਦਿਵਾਉਣ ਲਈ ਸਮੂਹ ਪੰਜਾਬੀਆਂ ਨੂੰ ਲੋਕ

Imagine...

accomplishing more each day than the day before.



Your child will strive to do more when he has the confidence to succeed on his own.

Kumon Math and Reading uses a proven method to unlock your child's potential. Victories are frequent and rewarding, so he's motivated time and again to seek out the next challenge.

For over 50 years, Kumon has helped children worldwide achieve their most ambitious goals.

KUMON®
MATH. READING. SUCCESS.
800-ABC-MATH
www.kumon.com
©2009 Kumon North America, Inc.

KUMON MATH & READING CENTRES

Office: 604-864-2782 Cell: 604-807-4811

Chilliwack	Wells Crossing Building, #206-7134 Vedder Road, Chilliwack, BC
Gladwin	Abbotsford Pentacostal Assembly, 3145 Gladwin Road, Abbotsford, BC
Mission	Cedar Valley Mennonite Church, 32840 Janzen Avenue, Mission, BC

ਇਨਕਲਾਬੀ ਲਹਿਰਾਂ ਦੇ ਮੋਢੀ ਸੋਹਣ ਸਿੰਘ ਜੋਸ਼

ਜਦੋਂ ਵੀ ਸਮਾਜਿਕ ਵਰਤਾਰੇ ਦੇ ਬੁਰੇਪਣ ਦਾ ਅਸਰ ਵਧ ਜਾਂਦਾ ਹੈ ਤਾਂ ਅਜਿਹੇ ਮਨੁੱਖਾਂ ਦਾ ਜਨਮ ਹੁੰਦਾ ਹੈ, ਜੋ ਲੋਕਾਂ ਵਿਚ ਇਨਕਲਾਬੀ ਵਿਚਾਰ ਲੈ ਕੇ ਆਉਂਦੇ ਹਨ। ਦੇਸ਼ ਨੂੰ ਆਜ਼ਾਦ ਕਰਾਉਣ ਅਤੇ ਮਿਹਨਤਕਸ਼ ਲੋਕਾਂ ਦੇ ਹਿਤਾਂ ਦੀ ਰੱਖਿਆ ਲਈ ਅਨੇਕਾਂ ਸੂਰਬੀਰਾਂ, ਸਿਰਲੱਥ ਯੋਧਿਆਂ ਅਤੇ ਮਰਦ ਅਗੰਮੜਿਆਂ ਨੇ ਕੁਰਬਾਨੀਆਂ ਦਿੱਤੀਆਂ। ਇਸੇ ਪਾਕ ਮਿੱਟੀ ਵਿਚੋਂ ਪੈਦਾ ਹੋਏ ਅਜਿਹੇ ਹੀ ਮਨੁੱਖ, ਸੋਹਣ ਸਿੰਘ ਜੋਸ਼।

ਉਨ੍ਹਾਂ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਚੇਤਨਪੁਰਾ ਵਿਖੇ 12 ਨਵੰਬਰ 1898 ਨੂੰ ਪਿਤਾ ਸ: ਲਾਲ ਸਿੰਘ ਦੇ ਘਰ ਮਾਤਾ ਸ੍ਰੀਮਤੀ ਦਿਆਲ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਦਾ ਬਚਪਨ ਪਿੰਡ ਚੇਤੰਨਪੁਰਾ ਵਿਖੇ ਹੀ ਬੀਤਿਆ। 12 ਜੁਲਾਈ 1920 ਨੂੰ ਉਨ੍ਹਾਂ ਨੇ ਚਰਚ ਮਿਸ਼ਨ ਸਕੂਲ ਮਜੀਠਾ ਵਿਖੇ ਬਤੌਰ ਅਧਿਆਪਕ ਨੌਕਰੀ ਕਰ ਲਈ। ਇਸੇ ਦੌਰਾਨ ਉਨ੍ਹਾਂ ਨੂੰ ਕੁੱਲ ਹਫ਼ਤਾਵਾਰੀ ਮੈਗਜ਼ੀਨ ਜਿਵੇਂ 'ਖਾਲਸਾ ਸਮਾਚਾਰ', 'ਪੰਥ ਸੇਵਕ', 'ਪੰਜਾਬ ਦਰਪਨ' ਆਦਿ ਪੜ੍ਹਨ ਦਾ ਮੌਕਾ ਮਿਲਿਆ। ਇਸ ਦੌਰਾਨ ਹੀ ਉਹ ਰੂਸੀ ਕਾਮਰੇਡ ਵਲਾਦੀਮੀਰ ਲੈਨਿਨ ਦੇ ਨਾਂਅ ਤੋਂ ਵਾਕਿਫ਼ ਹੋਏ ਪਰ ਰੋਜ਼ਾਨਾ 'ਅਕਾਲੀ' ਅਖ਼ਬਾਰ ਵਿਚ ਛਪਦੀਆਂ ਕਵਿਤਾਵਾਂ ਅਤੇ ਲੇਖਾਂ ਦਾ ਉਨ੍ਹਾਂ ਦੇ ਮਨ 'ਤੇ ਡੂੰਘਾ ਪ੍ਰਭਾਵ ਪਿਆ। ਉਹ ਅਕਾਲੀ ਅੰਦੋਲਨ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਲੱਗ ਪਏ। ਗੁਰਦੁਆਰਾ ਸੁਧਾਰ ਲਹਿਰ ਅਤੇ ਕੁੰਜੀਆਂ ਦੇ ਮੋਰਚੇ ਵਿਚ ਉਨ੍ਹਾਂ ਨੇ ਮਹੱਤਵਪੂਰਨ ਰੋਲ ਅਦਾ ਕੀਤਾ। ਇਕ ਦਿਨ ਵਿਚ ਦਸ-ਦਸ ਪਿੰਡਾਂ ਵਿਚ ਲੋਕਾਂ ਨੂੰ ਸੰਬੋਧਨ ਕਰਕੇ ਲਾਮਬੰਦ ਕੀਤਾ ਅਤੇ ਅੰਗਰੇਜ਼ਾਂ ਦੀਆਂ ਗਲਤ ਨੀਤੀਆਂ ਤੋਂ ਜਾਣੂ ਕਰਵਾਇਆ, ਜਿਸ ਕਰਕੇ ਉਨ੍ਹਾਂ ਨੂੰ ਜੇਲ੍ਹ ਵੀ ਜਾਣਾ ਪਿਆ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ 12 ਸਾਲ ਜੇਲ੍ਹਾਂ ਵਿਚ ਗੁਜ਼ਾਰੇ। ਅੰਗਰੇਜ਼ ਸਰਕਾਰ ਨੇ ਇਕ 'ਬਾਡੀਗਾਰਡ' ਦਿੱਤਾ ਹੋਇਆ ਸੀ ਜੋ ਕਿ ਹਮੇਸ਼ਾ ਉਨ੍ਹਾਂ ਉਪਰ ਨਿਗ੍ਹਾ ਰੱਖਦਾ ਸੀ ਤੇ ਉਨ੍ਹਾਂ ਤੋਂ ਹਮੇਸ਼ਾ ਪੰਜ-ਦਸ ਫੁੱਟ ਦੀ ਦੂਰੀ 'ਤੇ ਬੈਠਦਾ ਸੀ। ਜਦੋਂ ਉਹ ਗਾਰਡ ਜੋਸ਼ ਜੀ ਨੂੰ ਜ਼ਿਆਦਾ ਹੀ ਤੰਗ ਕਰਦਾ ਤਾਂ ਉਹ ਅੱਤ ਦੀ ਗਰਮੀ ਵਿਚ ਧੁੱਪੇ ਬੈਠ ਜਾਂਦੇ ਤੇ ਮਜਬੂਰਨ ਉਸ ਸਿਪਾਹੀ (ਗਾਰਡ) ਨੂੰ ਵੀ ਧੁੱਪੇ ਬੈਠਣਾ ਪੈਂਦਾ।

ਮੇਰਠ ਸਾਜ਼ਿਸ਼ ਕੇਸ ਤਹਿਤ ਉਨ੍ਹਾਂ ਨੂੰ 20 ਮਾਰਚ 1929 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਸੱਤ ਸਾਲ ਦੀ ਕੈਦ ਹੋਈ। ਇਸ ਤੋਂ ਪਹਿਲਾਂ ਉਹ 21 ਜਨਵਰੀ 1927 ਨੂੰ 'ਕਿਰਤੀ' ਦੇ ਐਡੀਟਰ ਬਣੇ। 21 ਦਸੰਬਰ 1928 ਨੂੰ ਉਨ੍ਹਾਂ ਨੇ ਸ: ਭਗਤ ਸਿੰਘ ਨਾਲ ਮਿਲ ਕੇ ਨੌਜਵਾਨ ਭਾਰਤ ਸਭਾ ਬਣਾਈ ਤਾਂ ਉਨ੍ਹਾਂ ਨੂੰ ਇਸ ਸਭਾ ਦਾ ਜ਼ਿਲ੍ਹਾ ਅੰਮ੍ਰਿਤਸਰ ਦਾ ਪ੍ਰਧਾਨ ਚੁਣਿਆ ਗਿਆ। ਉਹ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ, ਕਿਰਤੀ ਕਿਸਾਨ ਪਾਰਟੀ ਦੇ ਜਨਰਲ ਸਕੱਤਰ ਹਫ਼ਤਾਵਾਰੀ ਅਖ਼ਬਾਰ 'ਦੁਖੀ ਕਿਸਾਨ', 'ਜੰਗ-ਏ-ਆਜ਼ਾਦੀ' ਤੇ 'ਕਿਰਤੀ' ਦੇ ਐਡੀਟਰ ('ਸੰਸਾਰ ਪ੍ਰਭਾਵ' ਤੋਂ ਇਲਾਵਾ 'ਨਵਾਂ ਜ਼ਮਾਨਾ' ਅਖ਼ਬਾਰ ਦੇ ਸੰਪਾਦਕ ਵੀ ਰਹੇ। 1938-39 ਦੌਰਾਨ ਉਹ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸੈਕਟਰੀ ਵੀ ਰਹੇ। 1937 ਦੀਆਂ ਆਮ ਚੋਣਾਂ ਸਮੇਂ ਉਨ੍ਹਾਂ ਨੇ ਰਾਜਾਸਾਂਸੀ ਦੇ ਜਾਗੀਰਦਾਰ ਸ੍ਰੀ ਰਘਬੀਰ ਸਿੰਘ ਨੂੰ ਹਰਾ ਕੇ ਐਮ. ਐਲ. ਏ. ਦੀ ਸੀਟ ਜਿੱਤੀ। ਲੋਕਾਂ ਨੇ ਵੋਟਾਂ ਦੇ ਨਾਲ-ਨਾਲ ਜੋਸ਼ ਜੀ ਨੂੰ ਨੋਟਾਂ ਨਾਲ ਨਿਵਾਜਿਆ।

'ਕਿਰਤੀ' ਦੇ ਦਫ਼ਤਰ ਵਿਚ ਹੀ ਸ: ਭਗਤ ਸਿੰਘ ਵੀ ਇਨ੍ਹਾਂ ਨਾਲ ਹੀ ਕੰਮ ਕਰਨ ਲੱਗ ਪਏ। 17 ਨਵੰਬਰ 1928 ਨੂੰ ਸਾਂਡਰਸ ਦੇ ਕਤਲ ਤੋਂ ਬਾਅਦ ਸ: ਭਗਤ ਸਿੰਘ ਅਤੇ ਸੁਖਦੇਵ ਨੇ ਰਾਤ ਉਨ੍ਹਾਂ ਕੋਲ ਹੀ ਕੱਟੀ ਸੀ। ਸਵੇਰੇ ਜਾਣ ਲੱਗੇ ਉਹ ਇਕ ਕਿਤਾਬ 'ਲਿਬਰਟੀ ਐਂਡ ਦਾ ਗ੍ਰੇਟ ਲਿਬਰਟੇਰੀਅਨ' ਜਿਸ ਨੇ ਕਾਮਰੇਡ ਜੋਸ਼ ਦੇ ਜੀਵਨ ਨੂੰ ਇਕ ਨਵਾਂ ਮੋੜ ਦਿੱਤਾ ਸੀ, ਵਾਪਸ ਕਰਨ ਦਾ ਵਾਅਦਾ ਕਰਕੇ ਆਪਣੇ ਨਾਲ ਲੈ ਗਏ ਸਨ (ਇਹ ਵਿਚਾਰ ਸ੍ਰੀ ਜੋਸ਼ ਦੀ ਕਿਤਾਬ ਸ: ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ ਵਿਚ ਹਨ।) ਕਾਮਰੇਡ ਜੋਸ਼ ਨੂੰ ਪੰਜਾਬੀ ਪੱਤਰਕਾਰੀ ਦੇ ਪਿਤਾਮਾ ਵੀ ਕਿਹਾ ਜਾਂਦਾ ਹੈ। ਪੰਜਾਬੀ ਅਖ਼ਬਾਰਾਂ ਵਿਚ ਵਰਤੀ ਜਾਣ ਵਾਲੀ ਸ਼ਬਦਾਵਲੀ ਨੂੰ ਘੜਨ ਅਤੇ ਸੰਵਾਰਨ ਵਿਚ ਉਨ੍ਹਾਂ ਵੱਲੋਂ ਪਾਏ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦੀਆਂ ਮਹੱਤਵਪੂਰਨ ਪੁਸਤਕਾਂ 'ਬੰਗਾਲੀ ਕਹਾਣੀ ਦੀ ਵੰਨਗੀ' (ਅਨੁਵਾਦ) 'ਮਰਾਠੀ ਸਾਹਿਤ ਦੀ ਵੰਨਗੀ' (ਅਨੁਵਾਦ) 'ਮੇਰੀ ਰੂਸ ਯਾਤਰਾ' 'ਬਾਬਾ ਸੋਹਣ ਸਿੰਘ ਭਕਨਾ', 'ਗਦਰ ਪਾਰਟੀ', 'ਭਾਈ ਸੰਤੋਖ ਸਿੰਘ', 'ਕਾਮਾਗਾਟਾਮਾਰੂ ਦਾ ਦੁਖਾਂਤ', 'ਸ: ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ', 'ਅਕਾਲੀ ਮੋਰਚਿਆਂ ਦਾ ਇਤਿਹਾਸ', 'ਰੁੱਤ ਨਵਿਆਂ ਦੀ ਆਈ', 'ਪੰਜਾਬੀ ਬੋਲੀ ਤੇ ਭਾਸ਼ਾ ਵਿਗਿਆਨ', 'ਮੇਰਠ ਸਾਜ਼ਿਸ਼ ਕੇਸ', 'ਸੱਠ ਸਾਲਾ ਗੱਭਰੂ', ਆਦਿ ਹਨ। ਇਸ ਤਰ੍ਹਾਂ ਉਨ੍ਹਾਂ ਨੇ ਪੰਜਾਬੀ ਬੋਲੀ ਦੀ ਵੱਡਮੁੱਲੀ ਸੇਵਾ ਕੀਤੀ। ਉਨ੍ਹਾਂ ਦਾ ਕੁਝ ਸਾਹਿਤ ਅਣਛਪਿਆ ਵੀ ਪਿਆ ਹੈ। ਉਨ੍ਹਾਂ ਦੀ ਇਕ ਕਵਿਤਾ 'ਨਹਿਰ ਜਾ ਹਾਲੀ' ਵੀ ਬਹੁਤ ਪ੍ਰਸਿੱਧ ਹੋਈ। ਉਨ੍ਹਾਂ ਨੂੰ 'ਸੋਵੀਅਤ ਲੈਂਡ ਨਹਿਰੂ ਐਵਾਰਡ' ਨਾਲ ਵੀ ਸਨਮਾਨਿਆ ਗਿਆ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਸ਼ੇਰਾਂ ਦੀ ਤਰ੍ਹਾਂ ਜੀਵਿਆ। 29 ਜੁਲਾਈ 1982 ਨੂੰ ਕਾਮਰੇਡ ਜੋਸ਼ ਸਾਡੇ ਤੋਂ ਸਦਾ ਲਈ ਸਰੀਰਕ ਪੱਖੋਂ ਦੂਰ ਹੋ ਗਏ।

ਮਹਿੰਗਾਈ ਦੀ ਮਾਰ

ਵਧਦੀ ਜਾਂਦੀ ਮਹਿੰਗਾਈ ਬਾਰੇ ਵਾਰ-ਵਾਰ ਪੁੱਛੇ ਜਾਣ ਉਤੇ ਇਕ ਦਿਨ ਖੇਤੀ ਮੰਤਰੀ ਸ਼ਰਦ ਪਵਾਰ ਨੇ ਕਹਿ ਦਿੱਤਾ ਕਿ ਇਹ ਤਾਂ ਹੁਣ ਓਦੋਂ ਹੀ ਹਟੇਗੀ, ਜਦੋਂ ਅਗਲੀ ਫਸਲ ਆਵੇਗੀ। ਬੀਤੇ ਹਫ਼ਤੇ ਦਿੱਤਾ ਉਨ੍ਹਾਂ ਦਾ ਇਹ ਬਿਆਨ ਕਿਸੇ ਦੀ ਵੀ ਤਸੱਲੀ ਕਰਵਾਉਣ ਵਾਲਾ ਨਹੀਂ ਸੀ। ਵਿਰੋਧੀ ਧਿਰ ਨੇ ਇਸ ਦੀ ਨੁਕਤਾਚੀਨੀ ਵੀ ਕੀਤੀ ਸੀ। ਇਸ ਨਾਲ ਆਮ ਲੋਕਾਂ ਵਿੱਚ ਵੀ ਚੰਗਾ ਪ੍ਰਭਾਵ ਨਹੀਂ ਸੀ ਪਿਆ। ਹੁਣ ਜੋ ਕੁਝ ਸਾਹਮਣੇ ਆ ਰਿਹਾ ਹੈ, ਉਹ ਕੇਂਦਰੀ ਖੇਤੀ ਮੰਤਰੀ ਦੇ ਬਿਆਨ ਦੀ ਕਚਿਆਈ ਜ਼ਾਹਰ ਕਰਦਾ ਹੈ।

ਦੇਸ਼ ਭਰ ਵਿੱਚ ਜ਼ਖੀਰੇਬਾਜ਼ਾਂ ਦੇ ਗੋਦਾਮ ਪਾਟਣ ਉਤੇ ਆਏ ਪਏ ਹਨ, ਪਰ ਬਾਜ਼ਾਰ ਵਿੱਚ ਮਾਲ ਦੀ ਕਮੀ ਦਾ ਬਹਾਨਾ ਬਣਾ ਕੇ ਹਰ ਚੀਜ਼ ਦੇ ਰੇਟ ਬੇਹਿਸਾਬੇ ਵਧਾਏ ਜਾ ਰਹੇ ਹਨ। ਰਹੀ ਕਸਰ ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਦੀ ਗੰਨੇ ਬਾਰੇ ਨੀਤੀ ਨੇ ਕੱਢਣੀ ਸ਼ੁਰੂ ਕੀਤੀ ਹੋਈ ਹੈ।

ਕਈ ਚਿਰਾਂ ਤੱਕ ਗੰਨੇ ਬਾਰੇ ਨੀਤੀ ਵੱਖ-ਵੱਖ ਰਾਜਾਂ ਦੀ ਵੱਖ-ਵੱਖ ਹੁੰਦੀ ਸੀ ਤੇ ਬਹਾਨਾ ਇਹ ਬਣਾਇਆ ਜਾਂਦਾ ਸੀ ਕਿ ਆਪੋ ਆਪਣੇ ਰਾਜ ਅੰਦਰ ਗੰਨੇ ਵਿੱਚੋਂ ਖੰਡ ਦੀ ਮਿਕਦਾਰ ਦੇ ਹਿਸਾਬ ਤੈਅ ਕੀਤੀ ਜਾਂਦੀ ਹੈ। ਫਿਰ ਇਹ ਭਾਅ ਕੇਂਦਰੀ ਪੱਧਰ ਉਤੇ ਤੈਅ ਹੋਣ

(ਬਾਕੀ ਪੰਨਾ 17 'ਤੇ)

NEW TD CANADA TRUST SMALL BUSINESS ADVISOR

We'd like to introduce Dave Gill as your new Small Business Advisor.

With over 11 years of banking experience, Dave understands the pressures of owning and operating a business and is committed to helping you by:

- discussing your business banking needs
- offering professional banking and investment solutions
- delivering excellent personal service

Drop by the branch to talk to your Small Business Advisor and discover how we can make your business banking easier. We look forward to seeing you soon.

32435 South Fraser Way
Abbotsford
(604) 850-5921, ext. 222
baldev.gill@td.com

Monday to Friday 8 a.m. – 8 p.m.
Saturday 8 a.m. – 4 p.m.

TD Canada Trust
Small Business Banking

Vancity



Rachhpal Malhi
Mortgage Development Manager
Vancity

expect better

- No Broker Fees
- Best Possible Rates
- Revenue Properties up to 75%
- Pre-approvals, Transfers, Refinancing
- Excellent Construction Mortgage Package
- Mortgage for Self-Employed

- ਬ੍ਰੋਕਰ ਫੀਸ ਨਹੀਂ
- ਵਧੀਆ ਸੰਭਵ ਰੇਟ
- ਰੈਵੀਨਿਊ ਪ੍ਰਾਪਰਟੀਜ਼ 75% ਤੱਕ
- ਪ੍ਰੀ ਅਪਰੂਵਲ, ਟਰਾਂਸਫਰਜ, ਰੀਫਾਇਨਾਂਨਸਿੰਗ
- ਕੰਨਸਟਰਕੱਸ਼ਨ ਮੌਰਗੇਜ਼ ਦੇ ਮਾਹਿਰ
- ਆਪਣੇ ਬਿਜ਼ਨਸ ਵਾਲਿਆਂ ਲਈ ਮੌਰਗੇਜ਼

2.25%✷ 5 Yr Variable Rate Mortgage

Cell: 604-626-5899

✷ Rates Subject to Change Without Notice

A CALL FOR NOMINATIONS FOR THE TOP 25 CANADIAN IMMIGRANTS OF 2010

National award celebrates achievements of Canadian immigrants

RBC invites Canadians to submit their nominations for the "Top 25 Canadian Immigrants of 2010." The second annual awards program, also supported by Rogers, seeks to uncover and celebrate the stories and remarkable achievements of outstanding Canadian immigrants from coast to coast to coast. This national people's choice award is the first of its kind to recognize individuals from all walks of life who've made a difference since their arrival to Canada.

"RBC has a longstanding commitment to making it easier for newcomers to get settled, established and succeed in Canada," said Camon Mak, director, Multicultural Markets, RBC. "New immigrants strive to be part of the social and economic fabric of this country and it is important to RBC to recognize their accomplishments and contributions to Canada."

The "Top 25 Canadian Immigrants of 2010" is the only Canadian national awards program for immigrants — a people's choice award that recognizes individuals who have made a difference to our national fabric since their arrival to Canada. The awards program, which began in 2009, had an overwhelming response with hundreds of submissions and more than 10,000 votes cast from across Canada.

From now until January 29, 2010, Canadians can submit their nominations at canadianimmigrant.ca. A nominee can be someone who has moved to Canada from another country and, since immigrating, has contributed to the rich diversity and success of this country. Achievements can be either professional or personal, and nominees must hold landed immigrant or citizen status in Canada. They could be community leaders, role models, entrepreneurs, teachers or volunteers.

2010 ਦੇ ਉਤਮ 25 ਕੈਨੇਡੀਅਨ ਇੰਮੀਗਰਾਂਟਾਂ ਦੀਆਂ ਨਾਮਜ਼ਦਗੀਆਂ ਲਈ ਸੱਦਾ

ਨੈਸ਼ਨਲ ਅਵਾਰਡ ਨਾਲ ਕੈਨੇਡੀਅਨ ਇੰਮੀਗਰਾਂਟਾਂ ਦੀਆਂ ਪ੍ਰਾਪਤੀਆਂ ਸਨਮਾਨ

ਟੋਰਾਂਟੋ, ਨਵੰਬਰ 4, 2009- RBC ਨੇ "2010 ਦੇ ਉਤਮ 25 ਕੈਨੇਡੀਅਨ ਇੰਮੀਗਰਾਂਟਾਂ" ਲਈ ਆਪਣੀਆਂ ਨਾਮਜਦਗੀਆਂ ਭੇਜਣ ਲਈ ਸੱਦਾ ਦਿਤਾ ਹੈ । ਦੂਸਰਾ ਸਾਲਾਨਾ ਅਵਾਰਡ ਪ੍ਰੋਗਰਾਮ ਜਿਸਦੀ ਰੋਜ਼ਰਜ਼ ਵਲੋਂ ਵੀ ਹਮਾਇਤ ਕੀਤੀ ਜਾ ਰਹੀ ਹੈ, ਇਕ ਤੱਟ ਤੋਂ ਦੂਸਰੇ ਤੱਟ ਤੀਕ ਮਹੱਤਵਪੂਰਨ ਕੈਨੇਡੀਅਨ ਇੰਮੀਗਰਾਂਟਾਂ ਦੀਆਂ ਜ਼ਿਕਰਯੋਗ ਪ੍ਰਾਪਤੀਆਂ ਨੂੰ ਲੱਭਣਾ ਅਤੇ ਸਨਮਾਨਣਾ ਚਾਹੁੰਦਾ ਹੈ। ਲੋਕਾਂ ਦੀ ਚੋਣ ਦਾ ਨੈਸ਼ਨਲ ਅਵਾਰਡ, ਜੀਵਨ ਦੇ ਸਾਰੇ ਖੇਤਰਾਂ ਵਿਚ ਉਹਨਾਂ ਲੋਕਾਂ ਨੂੰ ਸਨਮਾਨਣ ਲਈ ਆਪਣੀ ਕਿਸਮ ਦਾ ਪਹਿਲਾ ਸਨਮਾਨ ਹੈ ਜਿਹਨਾਂ ਨੇ ਕੈਨੇਡਾ ਵਿਚ ਪਹੁੰਚਣ ਤੋਂ ਬਾਦ ਵੱਖਰੀ ਪਛਾਣ ਸਿਰਜੀ ਹੈ।

RBC ਦੇ ਮਲਟੀਕਲਚਰਲ ਮਾਰਕਿਟ ਦੇ ਡਾਇਰੈਕਟਰ, ਕੈਮਨ ਮੈਕ ਨੇ ਕਿਹਾ, "RBC ਦੀ ਨਵੇਂ ਇੰਮੀਗਰਾਂਟਾਂ ਦੇ ਸਥਿਰ, ਸਥਾਪਤ ਅਤੇ ਸਫਲ ਹੋਣ ਨੂੰ ਸੁਖਾਲਾ ਬਣਾਉਣ ਲਈ ਪੁਰਾਣੀ ਵਚਨਬੱਧਤਾ ਹੈ। ਨਵੇਂ ਇੰਮੀਗਰਾਂਟ ਇਸ ਦੇਸ਼ ਦੇ ਸਮਾਜਿਕ ਅਤੇ ਆਰਥਿਕ ਢਾਂਚੇ ਦਾ ਹਿੱਸਾ ਬਨਣ ਲਈ ਸੰਘਰਸ਼ ਕਰਦੇ ਹਨ ਅਤੇ ਉਹਨਾਂ ਦੀਆਂ ਕੈਨੇਡਾ ਵਿਚ ਪ੍ਰਾਪਤੀਆਂ ਅਤੇ ਯੋਗਦਾਨ ਨੂੰ ਸਨਮਾਨਣਾ, RBC ਲਈ ਮਹੱਤਵਪੂਰਨ ਹੈ।"

"2010 ਦੇ ਉਤਮ 25 ਕੈਨੇਡੀਅਨ ਇੰਮੀਗਰਾਂਟ", ਇੰਮੀਗਰਾਂਟਾਂ ਲਈ ਇਕੱਲਾ ਕੈਨੇਡੀਅਨ ਨੈਸ਼ਨਲ ਅਵਾਰਡ ਪ੍ਰੋਗਰਾਮ ਹੈ- ਲੋਕਾਂ ਦੀ ਚੋਣ ਦਾ ਅਵਾਰਡ ਜੋ ਉਹਨਾਂ ਲੋਕਾਂ ਨੂੰ ਸਨਮਾਨਤ ਕਰਦਾ ਹੈ ਜਿਹਨਾਂ ਦੀ ਕੈਨੇਡਾ ਵਿਚ ਪਹੁੰਚਣ ਤੋਂ ਬਾਦ ਸਾਡੇ ਕੌਮੀ ਢਾਂਚੇ ਨੂੰ ਜ਼ਿਕਰਯੋਗ ਦੇਣ ਹੈ। ਅਵਾਰਡ ਪ੍ਰੋਗਰਾਮ ਜਿਹੜਾ 2009 ਵਿਚ ਸ਼ੁਰੂ ਕੀਤਾ ਗਿਆ ਸੀ, ਨੂੰ ਇਕ ਤੱਟ ਤੋਂ ਦੂਸਰੇ ਤੱਟ ਤੱਕ ਪੂਰੇ ਕੈਨੇਡਾ ਵਿਚ, ਸੈਂਕੜੇ ਨਾਮਜ਼ਦਗੀਆਂ ਅਤੇ 10,000 ਤੋਂ ਜ਼ਿਆਦਾ ਵੋਟਾਂ ਨਾਲ ਭਰਪੂਰ ਹੁੰਗਾਰਾ ਮਿਲਿਆ ਸੀ।

ਕੈਨੇਡੀਅਨ ਆਪਣੀਆਂ ਨਾਮਜ਼ਦਗੀਆਂ 29 ਜਨਵਰੀ 2010 ਤੱਕ canadianimmigrant.ca 'ਤੇ ਭੇਜ ਸਕਦੇ ਹਨ। ਨਾਮਜ਼ਦ ਵਿਅਕਤੀ ਕੋਈ ਵੀ ਹੋ ਸਕਦਾ ਹੈ ਜਿਹੜਾ ਕਿਸੇ ਦੂਸਰੇ ਦੇਸ਼ 'ਚੋਂ ਕੈਨੇਡਾ ਵਿਚ ਆਇਆ ਹੋਵੇ ਅਤੇ ਇੰਮੀਗਰੇਸ਼ਨ ਤੋਂ ਬਾਦ, ਉਸਨੇ ਇਸ ਦੇਸ਼ ਦੀ ਸਫਲਤਾ ਅਤੇ ਅਮੀਰ ਵਿਭਿੰਨਤਾ ਵਿਚ ਯੋਗਦਾਨ ਪਾਇਆ ਹੋਵੇ। ਪ੍ਰਾਪਤੀਆਂ ਨਿੱਜੀ ਜਾਂ ਪ੍ਰੋਫੈਸ਼ਨਲ ਹੋ ਸਕਦੀਆਂ ਹਨ, ਅਤੇ ਨਾਮਜ਼ਦ ਵਿਅਕਤੀ ਕੈਨੇਡਾ ਦੇ ਸਿਟੀਜ਼ਨ ਜਾਂ ਇੰਮੀਗਰਾਂਟ ਹੋਣੇ ਚਾਹੀਦੇ ਹਨ। ਉਹ

ਕੀ ਤੁਸੀਂ ਮੌਰਗੇਜ਼ ਦੀ ਭਾਲ ਵਿੱਚ ਹੋ?
...ਘਰ ਖਰੀਦ ਰਹੇ ਹੋ ਜਾਂ ਨਵਾਂ ਬਣਾ ਰਹੇ ਹੋ?
...ਕੀ ਤੁਹਾਡੀ ਮੌਰਗੇਜ਼ ਫਰਵਰੀ 1, 2010 ਤੋਂ ਪਹਿਲਾਂ ਰੀਨਿਊ ਕਰਵਾਉਣ ਵਾਲੀ ਹੈ?
...ਤਾਂ ਅੱਜ ਹੀ ਆਪਣੇ ਰੇਟ ਹੋਲਡ ਕਰੋ!

✓ ਤੁਹਾਡੀ ਸੁਵਿਧਾ ਮੁਤਾਬਿਕ 24 ਘੰਟੇ ਹਫਤੇ ਦੇ ਸੱਤੇ ਦਿਨ ਉਪਲੱਬਧ
✓ ਫੋਨ 'ਤੇ ਅਪਲਾਈ ਕਰੋ ਜਾਂ ਅਸੀਂ ਤੁਹਾਡੇ ਘਰ ਆ ਕੇ ਵੀ ਗੱਲਬਾਤ ਕਰ ਸਕਦੇ ਹਾਂ।
✓ ਅਸੀਂ ਤੁਹਾਡੇ ਲਈ ਮੌਰਗੇਜ਼ ਦੇ ਵਧੀਆ ਰੇਟ ਆਪ ਲੱਭ ਕੇ ਦੇਵਾਂਗੇ।

Donny Sahota
Mortgage Development Manager
ਕੰਸਟਰੱਕਸ਼ਨ ਮੌਰਗੇਜ਼ ਦੇ ਮਾਹਿਰ

AS LOW AS **2.25%** 5 Year Variable

ਤਾਂ ਅੱਜ ਹੀ ਡੌਨੀ ਸਹੋਤਾ ਨੂੰ ਫੋਨ ਕਰੋ:
(604) 807-4116

BAYFIELD MORTGAGE PROFESSIONALS
Serving Your Community For Over 20 Years
Broker/Lender Fees May Apply. Rates Subject to Change Without Notice.

INCOME TAX ਇਨਕਮ ਟੈਕਸ

Nil Income Still Eligible for Refunds • E-File for Faster Refund

ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:
For Prompt, Polite & Professional Service Please See Us At:

Khattra & Co.
Certified General Accountant
Our Difference is the Difference.

- Personal
- Tax (T1)
- Sole Proprietor
- Partnerships
- Corporate
- Tax (T2)
- GST
- PST
- Payroll
- WCB
- Auditing
- Estate &Business Planning

Office Hours: Monday - Friday 9:00am - 5:30 pm
Saturday 10:00 am - 3:00 pm *(by appointment only)*

Abbotsford
Mandeep Singh Brar
32525 George Ferguson Way
Abbotsford BC V2T 4C8
Tel: 604-852-3201
Fax: 604-852-3284
Email: khattra2@telus.net

Surrey
Inderjit Khattra (B. Tech, CGA)
#101 - 8310 -130th Street
Surrey BC V3W 8J9
Tel: 604-930-1313
Fax: 604-501-6161

Please phone ahead for special appointments

SANGHERA LAW GROUP
sanghera & sanghera | barristers & solicitors

ICBC CASES

"After my accident I had constant neck and back pains. I felt sad most of the time and became very anxious about the future. ICBC said I was overreacting and offered $17,000. My case settled for $400,000 at mediation." – MR. S.

"The damage to my car was only $700. ICBC said I could not have been injured; but I was. My lawyer finalized my claim for $28,000 plus expenses." – MISS M.

"ICBC offered me $32,000 to finish my case. I was off work for 6 months and saw a specialist because of my jaw injury. I couldn't mop the floor or clean our bathroom without help from my children. I received $200,000 through my lawyer's efforts." – MRS. S.

"The damage to my vehicle was about $1,700. ICBC said this was a Low Velocity Impact (LVI) and refused to pay me for my injuries and physio costs. My lawyer obtained more than $45,000 for me." – MRS. B.

"A car hit me as I walked across the street. ICBC blamed me because of the colour of my clothing. My lawyer worked hard and obtained necessary evidence. My case settled for over $300,000." – MRS. C

Amandeep S. Sanghera
B.A.,LL.B. (UBC)
Simi K. Saini
B.A. LL.B. (UWO)
Barinder S. Sanghera
B.Comm., LL.B. (UBC)

- ICBC
- CRIMINAL LAW
- IMMIGRATION LAW
- CIVIL LITIGATION
- COMMERCIAL LITIGATION
- PERSONAL INJURY
- FAMILY LAW
- WCB (WORKSAFE BC)

**Past cases are not necessarily indicative of future results and amounts recovered may vary according to the facts in each case.*

Newton Crossing
203 – 7134 King George Hwy, Surrey, BC V3W 5A3
T 604.543.8484 F 604.543.8584 **1.877.778.8484**
An Association of Independent Lawyers & Law Corporations

www.slglawyers.com

Continued from cover

In their discussions, the two Prime Ministers reviewed bilateral relations between India and Canada and discussed regional and global issues of shared interest.

The Prime Ministers noted the depth and dynamism of the relationship between the two countries which is marked by common values and shared traditions of democracy, the rule of law and pluralism. The two leaders recognize the contribution of the Indian-origin community in Canada in further strengthening the bilateral bonds between the societies of India and Canada.

Bollywood star and 2010 Olympic torchbearer Akshay Kumar meets Prime Minister Stephen Harper.
Photo by Jason Ransom



Prime Minister Stephen Harper visits the BAPS Swaminarayan Akshardham Temple.
Photo by Jason Ransom

The Prime Ministers agreed on the importance of working collaboratively towards global economic recovery, building international efforts in advance of the G-20 meeting that Canada will host in 2010. Prime Minister Harper looks forward to welcoming Prime Minister Singh to Canada on this occasion in June 2010.

They also discussed approaches to address climate change with attention to the upcoming negotiations in Copenhagen. The two leaders agreed on the importance of moving forward constructively on the WTO Doha Round negotiations.

Prime Minister Harper strongly condemned the terrorist attacks in Mumbai in November 2008 and expressed the hope that those behind the attacks would be swiftly brought to justice. He also conveyed assurances that Canada stood firmly with India in dealing with global terrorism. Both leaders reiterated the need for intensifying global cooperation in combating international terrorism. They called for an early conclusion of the Comprehensive Convention on International Terrorism within the UN framework.

The Prime Ministers discussed issues of shared interest pertaining to the region, notably the stabilization and economic development of Afghanistan.

The Prime Ministers agreed on initiatives to strengthen and diversify bilateral relations and to collaborate on a shared international agenda. They also agreed to intensify the economic and trade relationship by concluding bilateral economic agreements.

The two governments welcomed ongoing efforts to strengthen the institutional framework for bilateral relations, including working towards concluding negotiations on the Bilateral Investment Promotion and Protection Agreement, the Social Security Agreement and the Civil Nuclear Cooperation Agreement.

The two leaders announced the setting up of a Joint Study Group (JSG) that will explore the possibility of a Comprehensive Economic Partnership Agreement between India and

Continued on page 19

Rabbi Yousef Kantor and Rabbi Chaim Mendelsohn walk Prime Minister Stephen Harper to the main entrance of the Chabad House, an Orthodox Jewish cultural landmark that was the target of a terrorist attack on November 26, 2008.
Photo by Jason Ransom

Prime Minister Stephen Harper and his wife Laureen place a wreath at Rajghat, the cremation site of Mahatma Gandhi. Photo by Deb Ransom

Prime Minister Stephen Harper meets with the President of India, Pratibha Devisingh Patil, at the Rashtrapati Bhavan. Photo by Jason Ransom

Prime Minister Stephen Harper and his wife Laureen say goodbye to Indian Prime Minister Dr. Manmohan Singh following a signing ceremony at Hyderabad House. Photo by Jason Ransom

BOLLYWOOD DUNIYA

'Hot' Kat, Akshay under wraps!

ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸਕ ਸੰਦਰਭ ਵਿਚ ਸਿੰਘ ਸਭਾ ਲਹਿਰ ਦੀ ਮਹਾਨ ਦੇਣ ਪ੍ਰਸਿੱਧ ਕਵੀ, ਨਾਵਲਕਾਰ, ਇਤਿਹਾਸਕਾਰ, ਵਿਆਖਿਆਕਾਰ ਅਤੇ ਸੰਪਾਦਕ ਡਾਕਟਰ ਭਾਈ ਵੀਰ ਸਿੰਘ (5 ਦਸੰਬਰ 1872-19 ਜੂਨ 1957 ਈ.) ਹਨ। ਨਵੀਨ ਪੰਜਾਬੀ ਸਾਹਿਤ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਚੀਫ ਖਾਲਸਾ ਦੀਵਾਨ ਦੇ ਪ੍ਰਮੁੱਖ ਸਲਾਹਕਾਰ ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਦੇ ਹਰ ਰੂਪ 'ਤੇ ਕਲਮ ਅਜ਼ਮਾਇਸ ਕਰਨ ਤੋਂ ਇਲਾਵਾ, ਪੰਜਾਬੀ ਵਿਚ ਨਾਵਲ ਤੇ ਨਿੱਕੀ ਕਵਿਤਾ ਵਰਗੇ ਨਵੇਂ ਰੂਪਾਕਾਰਾਂ ਨੂੰ ਵੀ ਜਨਮ ਦਿੱਤਾ। ਉਨ੍ਹਾਂ ਕਲਮ ਦੀ ਕਰਾਮਾਤ ਰਾਹੀਂ ਸਿੱਖ ਧਰਮ ਦਾ ਜਿੰਨ੍ਹਾ ਪ੍ਰਚਾਰ ਕੀਤਾ, ਉਸਦਾ ਅਨੁਮਾਨ ਲਗਾਉਣਾ ਅਸੰਭਵ ਹੈ ਪਿਤਾ ਡਾ. ਚਰਨ ਸਿੰਘ ਅਤੇ ਨਾਨਾ ਗਿਆਨੀ ਹਜ਼ਾਰਾ ਸਿੰਘ ਦੀ ਪ੍ਰੇਰਨਾ ਨਾਲ ਬਚਪਨ ਤੋਂ ਹੀ ਐਸੀ ਸਿੱਖੀ ਲਗਨ ਲੱਗੀ ਕਿ ਅੱਠ ਸਾਲ ਦੀ ਆਯੂ ਵਿਚ ਹੀ ਆਪ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਮੁਕੰਮਲ ਕਰ ਲਿਆ। ਸਿੱਖ ਸਮਾਜ ਵਿਚੋਂ ਵਹਿਮ-ਭਰਮ, ਭੇਖ-ਪਾਖੰਡ, ਰਸਮੋ-ਰਿਵਾਜ ਤੇ ਬ੍ਰਾਹਮਣਵਾਦ ਨੂੰ ਦੂਰ ਕਰਨ ਲਈ ਉਹਨਾਂ ਦੇ ਆਦਰਸ਼ ਨਿਸ਼ਚਿਤ ਕੀਤੇ-ਵਿਦਿਆ ਦਾ ਪ੍ਰਸਾਰ ਤੇ ਮਾਂ ਬੋਲੀ ਵਿਚ ਸਾਹਿਤ ਰਚਨਾ।

ਭਾਈ ਵੀਰ ਸਿੰਘ ਵੀਹਵੀਂ ਸਦੀ ਦੇ ਸਿੱਖ ਇਤਿਹਾਸ ਦੀ ਮਹਾਨ ਸ਼ਖਸੀਅਤ ਹਨ। ਉਨ੍ਹਾਂ ਆਪਣਾ ਸਾਰਾ ਜੀਵਨ ਹੀ ਕੌਮ ਨੂੰ ਆਪਣੇ ਵਿਰਸੇ ਨਾਲ ਜੋੜਕੇ ਜਾਗਰਿਤ ਕਰਨ ਲਈ ਸਮਰਪਿਤ ਕੀਤਾ। ਭਾਈ ਸਾਹਿਬ ਦੀਆਂ ਵੱਖ-ਵੱਖ ਸਾਹਿਤ-ਰੂਪਾਂ ਵਿਚ ਸਿਰਜੀਆਂ ਰਚਨਾਵਾਂ ਇਉਂ ਹਨ: ਨਾਵਲ-ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ, ਬਾਬਾ ਨੌਧ ਸਿੰਘ। ਕਵਿਤਾ-ਲਹਿਰਾਂ ਦੇ ਹਾਰ, ਬਿਜਲੀਆਂ ਦੇ ਹਾਰ, ਕੰਬਦੀ ਕਲਾਈ, ਮੋਰੇ ਸਾਈਆਂ ਜੀਓ। ਮਹਾਂਕਾਵਿ-ਰਾਣਾ ਸੂਰਤ ਸਿੰਘ, ਜੀਵਨੀ ਰੂਪ-ਗੁਰੂ ਨਾਨਕ ਚਮਤਕਾਰ (ਦੋ ਭਾਗ), ਅਸ਼ਟ ਗੁਰੂ ਚਮਤਕਾਰ, ਕਲਗੀਧਰ ਚਮਤਕਾਰ। ਖੋਜ ਤੇ ਵਿਆਖਿਆ-ਸ੍ਰੀ ਗੁਰੂ ਗ੍ਰੰਥ ਕੋਸ਼, ਸੰਥਿਆ ਪੋਥੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰ ਪ੍ਰਤਾਪ ਸੂਰਜ ਗ੍ਰੰਥ। ਸੰਪਾਦਨਾ-ਪੁਰਾਤਨ ਜਨਮ ਸਾਖੀ, ਭਾਈ ਗੁਰਦਾਸ ਵਾਰਾਂ, ਕਬਿੱਤ-ਸਵੈਯੇ। ਏਨੀ ਮਹਾਨ ਸਾਹਿਤਕ ਦੇਣ ਮਗਰੋਂ ਵੀ ਰਹੱਮਮਈ ਕਵੀ ਭਾਈ ਵੀਰ ਸਿੰਘ ਬੜੀ ਨਿਮਰਤਾ ਨਾਲ ਛੁਪੇ ਰਹਿਣ ਦੀ ਇੱਛਾ ਵਿਅਕਤ ਕਰਦੇ ਹਨ:

"ਮੇਰੀ ਛੁਪੇ ਰਹਿਣ ਦੀ ਚਾਹ, ਛੁਪ ਟੁਰ ਜਾਣ ਦੀ,

ਦਿਸੇ ਪੂਰੀ ਹੁੰਦੀ ਨਾ, ਮੈਂ ਤਰਲੇ ਲੈ ਰਿਹਾ।"

ਪ੍ਰਕਾਸ਼ਨਾ ਦੇ ਖੇਤਰ ਵਿਚ ਵੀ ਭਾਈ ਸਾਹਿਬ ਦੀ ਇਤਿਹਾਸਕ ਦੇਣ ਕਹੀ ਜਾ ਸਕਦੀ ਹੈ। ਸ੍ਰ. ਵਜੀਰ ਸਿੰਘ ਨਾਲ ਮਿਲਕੇ 'ਵਜੀਰ ਹਿੰਦ ਪ੍ਰੈਸ' ਤੋਂ ਪ੍ਰਕਾਸ਼ਕ ਵਜੋਂ ਸਫਰ ਸ਼ੁਰੂ ਕਰਕੇ ਉਨ੍ਹਾਂ ਖਾਲਸਾ ਸਮਾਚਾਰ (1890) ਅਤੇ ਖਾਲਸਾ ਟ੍ਰੈਕਟ ਸੁਸਾਇਟੀ (1893) ਸਥਾਪਿਤ ਕੀਤਾ, ਜਿਸਦਾ ਮਾਸਿਕ ਪਰਚਾ 'ਨਿਰਗੁਣੀਆਰਾ' ਇਕ ਸ਼ਤਾਬਦੀ ਪੂਰੀ ਕਰ ਚੁੱਕਾ ਹੈ। ਭਾਈ ਸਾਹਿਬ ਨੇ 1891 ਤੋਂ ਲੈ ਕੇ 1957 ਤੱਕ ਕਰੀਬ 200 ਟ੍ਰੈਕਟਾਂ ਦੀ ਰਚਨਾ ਵੀ ਕੀਤੀ। ਸ਼ਖਸੀਅਤਾਂ ਦੇ ਪ੍ਰਭਾਵ ਨਾਲ ਉਹਨਾਂ ਉਘੇ ਸਾਹਿਤਕਾਰਾ ਤੇ ਚਿੰਤਕ ਪ੍ਰੋ. ਪੂਰਨ ਸਿੰਘ ਨੂੰ ਸਿੰਘ ਸਜਾਇਆ। ਪ੍ਰੋ. ਪੂਰਨ ਸਿੰਘ (17 ਫਰਵਰੀ 1881-31 ਮਾਰਚ 1931) ਪੰਜਾਬੀ ਦੇ ਅਜਿਹੇ ਪ੍ਰਤਿਭਾਸ਼ੀਲ ਚਿੰਤਕ, ਪ੍ਰਕਿਰਤੀ ਦੇ ਕਵੀ, ਵਿਗਿਆਨਕ ਤੇ ਆਲੋਚਕ ਬਣੇ, ਜਿਨ੍ਹਾਂ ਦੀ ਤੁਲਨਾ ਪੱਛਮੀਂ ਦੇ ਚੋਟੀ ਦੇ ਸਾਹਿਤਕਾਰਾਂ ਨਾਲ ਕੀਤੀ ਜਾਂਦੀ ਹੈ। ਉਨ੍ਹਾਂ 'ਖੁੱਲ੍ਹੇ ਲੇਖ' 'ਖੁਲ੍ਹੇ ਮੈਦਾਨ', 'ਖੁੱਲ੍ਹੇ ਘੁੰਡ' ਤੇ ਖੁੱਲ੍ਹੇ ਅਸਮਾਨੀ ਰੰਗਾ' ਪੁਸਤਕਾਂ ਲਿਖਕੇ ਪੰਜਾਬੀ ਵਿਚ ਖੁੱਲ੍ਹੇ ਤੇ ਆਜ਼ਾਦ ਸੈਲਾਨੀ ਛੰਦ ਦੀ ਪਿਰਤ ਪਾਈ। ਉਹ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦੇ ਮਹਾਨ ਲੇਖਕ ਵਜੋਂ ਸਾਹਿਤਕ ਖੇਤਰ ਵਿਚ ਪ੍ਰਸਿੱਧ ਹੋਏ। ਆਪਣੀ ਅਨੁਭਵੀ ਸ਼ਖਸੀਅਤ ਤੋਂ ਉਹਨਾਂ ਦਸ ਗੁਰੂ ਜੋਤ, ਰੂਹ ਦੇ ਜਾਏ ਲੋਕ, ਪੂਰਬ ਕਾਵਿ ਦੀ ਆਤਮਾ, ਚਰਨ ਕਮਲ, ਅਟਪਰੋਏ ਮਣਕੇ, ਜਗਦੀਆਂ ਜੋਤਾਂ ਆਦਿ ਪੁਸਤਕਾਂ ਲਿਖੀਆਂ। ਇਹਨਾਂ ਰਚਨਾਵਾਂ ਵਿਚ ਸਮੇਂ ਦੀ ਆਤਮਾ ਦਾ ਚਿਤਰ ਵੀ ਮੌਜੂਦ ਹੈ ਤੇ ਨਾਲੋ-ਨਾਲ ਸਰਬ-ਵਿਆਪਕ ਹਕੀਕਤ ਵੀ ਹੈ ਤੇ ਸਾਹਿਤ-ਜਗਤ ਦਾ ਅਮੀਰ ਵਿਰਸਾ ਵੀ ਹੈ। ਵਿਲੱਖਣ ਸ਼ਖਸੀਅਤ ਵਾਲੇ ਪੂਰਨ ਸਿੰਘ ਆਪਣੇ ਨਾਂ ਦੇ ਦੋਹੇ ਵਿਸ਼ੇਸ਼ਣਾਂ ਅਨੁਸਾਰ ਸਹੀ ਅਰਥਾਂ ਵਿਚ ਪੂਰਨ ਵੀ ਸਨ ਅਤੇ ਸਿੰਘ ਵੀ।

ਮਹਾਨ ਪੰਜਾਬੀ ਸਾਹਿਤ ਦੀ ਸਿਰਜਨਾ ਕਰਕੇ ਜਿੱਥੇ ਪੰਜਾਬੀ ਲੇਖਕਾਂ ਨੇ ਮਾਂ ਬੋਲੀ ਦੇ ਖਜ਼ਾਨੇ ਵਿਚ ਭਰਪੂਰ ਵਾਧਾ ਕੀਤਾ, ਉਥੇ 'ਸਿੰਘ ਸਭਾ ਲਹਿਰ' ਦੌਰਾਨ ਸਿੱਖ ਇਤਿਹਾਸ ਦੀ ਅੰਗਰੇਜ਼ੀ ਵਿਚ ਰਚਨਾ ਕਰਕੇ ਮਹਾਨ ਕਾਰਜ ਕਰਨ ਦਾ ਸਿਹਰਾ ਮੈਕਸ ਆਰਥਰ ਮੈਕਾਲਿਫ (1841-1931) ਦੇ ਸਿਰ ਬੱਝਦਾ ਹੈ, ਜਿਨ੍ਹਾਂ ਇੰਡੀਅਨ ਸਿਵਲ ਸਰਵਿਸ ਦੀ ਜੱਜ ਦੀ ਨੌਕਰੀ ਤੋਂ ਅਸਤੀਫਾ ਦੇ ਕੇ ਸੰਪੂਰਨ ਸਿੱਖ ਇਤਿਹਾਸ ਬੋਹੰਦ ਖੋਜਭਰਪੂਰ ਢੰਗ ਨਾਲ ਲਿਖਦਿਆਂ ਸਿੱਖ ਰਿਲੀਜਨ (The Sikh Religion)(Six volumes by Oxford University Press) ਦੇ ਰੂਪ ਵਿਚ 1909 ਈਸਵੀ ਵਿਚ ਪ੍ਰਕਾਸ਼ਿਤ ਕੀਤਾ ਗਿਆ। ਸਿੱਖ ਜਗਤ ਦੇ ਅਜਿਹੇ ਸਾਹਿਤਕਾਰ ਨਿਹਾਲ ਸਿੰਘ ਸੂਰ ਹਨ, ਜਿਨ੍ਹਾਂ ਸਭ ਤੋਂ ਪਹਿਲਾਂ ਧਾਰਮਿਕ ਸਾਹਿਤ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ। ਮਗਰੋਂ ਭਗਤ ਲਛਮਣ ਸਿੰਘ ਨੇ ਲਾਹੌਰ ਤੋਂ ਅੰਗਰੇਜ਼ੀ ਅਖ਼ਬਾਰ 'ਦੀ ਖਾਲਸਾ' (1899) ਵਿਚ ਸ਼ੁਰੂ ਕੀਤਾ ਅਤੇ ਦੋ ਪੁਸਤਕਾਂ ਗੁਰੂ ਗੋਬਿੰਦ ਸਿੰਘ ਦਾ ਜੀਵਨ ਅਤੇ ਸਿੱਖ ਸਹੀਦ ਵੀ ਲਿਖੀਆਂ। ਇਸ ਤੋਂ ਇਲਾਵਾ ਸੋਵਾਰਾਮ ਸਿੰਘ (1904) ਅਤੇ ਖਜਾਨ ਸਿੰਘ (1914) ਨੇ ਸਿੱਖ ਇਤਿਹਾਸ ਨੂੰ ਅੰਗਰੇਜ਼ੀ ਵਿਚ ਲਿਖਣ ਦਾ ਉਦਮ ਜਾਰੀ ਰੱਖਿਆ।

ਸਮਾਜਿਕ ਸੁਧਾਰਾਂ ਦੇ ਪ੍ਰਸੰਗ ਵਿਚ ਚੀਫ ਖਾਲਸਾ ਦੀਵਾਨ ਦੀ ਜ਼ਿਕਰਯੋਗ ਪ੍ਰਾਪਤੀ 'ਆਨੰਦ ਮੈਰਿਜ ਐਕਟ' ਪਾਸ ਕਰਵਾਉਣਾ ਸੀ। ਇਸ ਕਾਰਜ ਦੀ ਸਫਲਤਾ ਪਿੱਛੇ ਸਿੰਘ ਸਭੀਆਂ ਦੀ ਲੰਮੀ ਘਾਲਣਾ ਅਤੇ ਜ਼ੋਰਦਾਰ ਸੰਘਰਸ਼ ਨਜ਼ਰ ਆਉਂਦਾ ਹੈ। ਸਿੱਖ ਮਰਿਯਾਦਾ ਅਨੁਸਾਰ ਚਲ ਰਹੀ ਆਨੰਦ ਕਾਰਜ ਦੀ ਰਸਮ ਦੇ ਸਿੱਖ ਮਿਸਲਾਂ ਮਗਰੋਂ, ਮਾ. ਰਣਜੀਤ ਸਿੰਘ ਰਾਜ-ਕਾਲ ਦੌਰਾਨ ਹੋਏ ਰੀਤੀ ਬਦਲ ਤੇ ਬ੍ਰਾਹਮਣਵਾਦ ਨੇ ਗਹਿਰੀ ਸੱਟ ਮਾਰੀ। ਬਾਅਦ ਵਿਚ ਬਾਬਾ ਦਿਆਲ ਜੀ ਦੁਆਰਾ ਕੀਤੇ ਸਮਾਜਕ ਸੁਧਾਰ ਨੇ ਆਨੰਦ ਵਿਆਹ ਦੇ ਖੇਤਰ 'ਚ ਪ੍ਰਸੰਸਾਯੋਗ ਭੂਮਿਕਾ ਨਿਭਾਈ ਤੇ ਸਿੰਘ ਸਭਾ ਨੇ ਇਸਦੀ ਪੁਰਾਤਨ ਮਰਯਾਦਾ ਨੂੰ ਪੂਰਨ ਰੂਪ ਵਿਚ ਪੁਨਰ ਸੁਰਜੀਤ ਕੀਤਾ। ਆਨੰਦ ਕਾਰਜ ਦੀ ਰਸਮ ਅਗਨਕੁੰਡ ਦੀ ਥਾਂ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹੋਣ ਲੱਗੀ। ਬੇਦੀ ਦੇ ਮੰਤਰਾਂ ਦੀ ਥਾਂ ਗੁਰਬਾਣੀ ਦੀਆਂ ਚਾਰ ਲਾਵਾਂ ਨੇ ਲੈ ਲਈ। ਫੇਰਿਆਂ ਦੀ ਜਗ੍ਹਾ ਪਰਕਰਮਾਂ ਕੀਤੀਆਂ ਜਾਣ ਲੱਗੀਆਂ। ਅਜਿਹੀ ਇਨਕਲਾਬੀ ਤਬਦੀਲੀ ਤੋਂ ਭਵਿੱਖ ਦੇ ਸਥਿਤੀ ਪਲਟਾਊ ਸੰਕੇਤ ਲੈਂਦੇ ਹੋਏ ਪੁਜਾਰੀਆਂ ਤੇ ਮਹੰਤਾਂ ਨੇ ਇਕ ਪਾਸੇ ਵਿਰੋਧ ਨੂੰ ਵਿਅੰਗ-ਚੋਭ ਦੀ ਸੁਰ ਦਿੰਦਿਆਂ ਅਜਿਹੇ ਕਟਾਖਸ਼ ਕਸੇ ਕਿ 'ਪਰਕਰਮਾ' ਕਰਕੇ ਤਾਂ ਸਿੱਖ ਲੜਕੀ ਦੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਗ੍ਰੰਥੀ ਨਾਲ ਹੀ ਕਰ ਦਿੰਦੇ ਹਨ। ਦੂਸਰੇ ਪਾਸੇ ਤੇਜ਼ੀ ਨਾਲ ਚੜ੍ਹਦੀ ਆ ਰਹੀ ਲਾਲੀ ਤੇ ਉਠ ਰਹੀਆਂ ਘਟਾਵਾਂ ਦੇ ਯਥਾਰਥਕ ਪਸਾਰੇ ਨੂੰ ਕਾਬੂ ਕਰਨ ਲਈ ਉਨ੍ਹਾਂ ਅਦਾਲਤਾਂ ਵਿਚ ਮੁਕੱਦਮੇ ਦਾਇਰ ਕਰਕੇ ਆਨੰਦ ਵਿਆਹ ਨੂੰ ਹਿੰਦੂਵਾਦ ਦੇ ਵਿਪਰੀਤ ਹੋਣ ਦੇ ਦੋਸ਼ ਲਗਾਏ। ਦੂਸ਼ਣਬਾਜ਼ੀ ਦੀ ਗਿਰਾਵਟ ਉਸ ਵੇਲੇ ਸਿਖਰ 'ਤੇ ਜਾ ਪੁੱਜੀ, ਜਦੋਂ ਕਾਨੂੰਨ ਦੇ ਸਹਾਰੇ ਨਾਲ ਬ੍ਰਾਹਮਣੀ ਜਮਾਤ ਨੇ ਸਿੰਘ ਸਭਾ ਲਹਿਰ ਦੇ ਪ੍ਰਮੁਖ ਭਾਈ ਜਵਾਹਰ ਸਿੰਘ ਦੇ ਆਨੰਦ ਵਿਆਹ ਨੂੰ ਗੈਰ-ਪਰੰਪਰਿਕ ਕਰਾਰ ਦਿੱਤਾ ਗਿਆ ਅਤੇ ਉਨ੍ਹਾਂ ਦੇ ਜਨਮੋ ਪੁੱਤਰ ਨੂੰ ਕੋਰਟ ਵਲੋਂ ਅਯੋਗ ਗਰਦਾਨਦਿਆਂ ਪਿਤਾ ਦੀ ਜੱਦੀ ਜਾਇਦਾਦ ਦਾ ਹੱਕਦਾਰ ਮੰਨਣੋਂ ਇਨਕਾਰ ਕਰ ਦਿੱਤਾ ਗਿਆ।

ਸਿਤਮ ਦੀ ਜਦ ਇੰਤਹਾ ਹੋ ਜਾਵੇ, ਤਾਂ ਬਗਾਵਤ ਦੀ ਸੁਰ ਦਾ ਪੈਦਾ ਹੋਣਾ ਸੁਭਾਵਿਕ ਵਰਤਾਰਾ ਹੈ। ਜਨਮ ਤੋਂ ਲੈਕੇ ਮੌਤ ਤੱਕ ਦੇ ਧਾਰਮਿਕ ਸੰਸਕਾਰਾਂ ਦੇ ਦ੍ਰਿਸ਼ਟੀਕੋਣ ਤੋਂ ਹਿੰਦੂ ਧਰਮ ਨਾਲੋਂ ਵਿਲੱਖਣ ਹਸਤੀ ਰੱਖਣ ਵਾਲੀ ਸਿੱਖ ਕੌਮ, ਇਹ ਕਿਵੇਂ ਬਰਦਾਸ਼ਤ ਕਰ ਸਕਦੀ ਸੀ ਕਿ ਸਿੱਖ ਪਰਿਵਾਰਾਂ ਦੇ ਸਿੱਖ ਧਰਮ ਵਿਚਲੇ ਸਿੱਖ ਸੰਸਕਾਰਾਂ ਅਨੁਸਾਰ ਹੋਏ ਆਨੰਦ ਵਿਆਹ, ਸਮਾਜਿਕ ਤੌਰ 'ਤੇ ਅਪ੍ਰਵਾਨਤ ਹੋਣ। ਅਜਿਹੀ ਸ਼ਰੇਆਮ ਹੋ ਰਹੀ ਧੱਕੇਸ਼ਾਹੀ ਦੇ ਖਿਲਾਫ ਚੀਫ ਖਾਲਸਾ ਦੀਵਾਨ ਵਲੋਂ ਧਾਰਮਿਕ ਮਰਯਾਦਾ ਅਨੁਸਾਰ ਸਿੱਖਾਂ ਦੇ 'ਆਨੰਦ ਕਾਰਜ' ਨੂੰ ਕਾਨੂੰਨੀ ਮਾਨਤਾ ਦਿਵਾਉਣ ਲਈ ਜੱਦੋਜਹਿਦ ਕੀਤੀ ਗਈ। ਫਲਸਰੂਪ ਉਸ ਵੇਲੇ ਦੀ ਫਿਰੰਗੀ ਸਰਕਾਰ ਦੁਆਰਾ 'ਆਨੰਦ ਕਾਰਜ ਐਕਟ' ਪਾਸ ਕਰ ਦਿੱਤਾ ਗਿਆ, ਜਿਸ ਮੁਤਾਬਿਕ ਜਿਥੇ ਸਿੱਖਾਂ ਦਾ ਆਨੰਦ ਕਾਰਜ ਰਸਮ ਦੁਆਰਾ ਵਿਆਹ ਕਾਨੂੰਨੀ ਸ਼ਕਲ ਅਖਤਿਆਰ ਕਰ ਗਿਆ, ਉਥੇ ਇਸ ਰਸਮ ਪੱਖੋਂ ਸਿੱਖਾਂ ਦਾ 'ਹਿੰਦੂ ਵਿਰਾਸਤ ਐਕਟ' ਨਾਲੋਂ ਸਬੰਧ ਦੀ ਖਤਮ ਹੋ ਗਿਆ। ਆਨੰਦ ਕਾਰਜ ਐਕਟ ਪਹਿਲਾਂ ਮਹਾਰਾਜਾ ਰਿਪੁਦਮਨ ਸਿੰਘ ਨਾਭੇ ਨੇ ਵਾਇਸਰਾਏ ਦੀ ਕੌਂਸਲ ਦੇ ਮੈਂਬਰ ਵਜੋਂ ਪੇਸ਼ ਕੀਤਾ ਤੇ ਬਾਅਦ ਵਿਚ ਸੁੰਦਰ ਸਿੰਘ ਮਜੀਠਾ ਨੇ ਕੌਂਸਲ ਮੈਂਬਰ ਦੀ ਹੈਸੀਅਤ ਵਿਚ 22 ਅਕਤੂਬਰ 1909 ਈ. ਨੂੰ ਇਹ ਐਕਟ ਪਾਸ ਕਰਵਾਇਆ। ਇਸ ਨੂੰ ਮਾਨਤਾ ਮਿਲਣ ਦੇ ਨਾਲ ਵਿਆਹ ਰਸਮ ਦੌਰਾਨ ਜਾਤੀਵਾਦ, ਛੂਆ-ਛਾਤ ਆਦਿਕ ਵਲਗਣਾਂ ਕਨੂੰਨੀ ਰੂਪ ਵਿਚ ਮਿਟ ਗਈਆਂ, ਕਿਉਂਕਿ ਗੁਰਮਤਿ ਇਹਨਾਂ ਭਿੰਨਤਾਵਾਂ ਨੂੰ ਮੂਲੋਂ ਹੀ ਰੱਦ ਕਰਦੀ ਹੈ। ਇਥੇ ਵਿਸ਼ੇ ਦੇ ਪਰਿਪੇਖ ਵਿਚ ਇਕ ਖਾਸ ਪਹਿਲੂ ਵਿਚਾਰਨਯੋਗ ਹੈ ਕਿ 20ਵੀਂ ਸਦੀ ਦੇ ਸ਼ੁਰੂ ਵਿਚ ਹੀ ਅੰਗਰੇਜ਼ਾਂ ਵਲੋਂ ਆਨੰਦ ਕਾਰਜ ਐਕਟ ਨੂੰ ਅਮਲ ਵਿਚ ਲਿਆਉਂਦਿਆਂ, ਇਸ ਦੀ ਧਾਰਮਿਕ ਵਿਲੱਖਣਤਾ ਨੂੰ ਪੂਰੀ ਤਰ੍ਹਾਂ ਸਵੀਕਾਰ ਕਰ ਲਿਆ ਗਿਆ ਸੀ, ਪਰ ਭਾਰਤ ਦੀ ਆਜ਼ਾਦੀ ਮਗਰੋਂ ਨਿਰਮਿਤ ਸੰਵਿਧਾਨ ਵਿਚ ਸਿੱਖਾਂ ਨੂੰ ਮੁੜ 'ਹਿੰਦੂ ਵਿਰਾਸਤ ਐਕਟ' ਅਧੀਨ ਲਿਆਕੇ ਦੋਸ਼ਪੂਰਨ, ਸਾਜਿਸ਼ੀ ਤੇ ਗੈਰ-ਮੁਨਾਸਿਬ ਕਾਰਜ ਕੀਤਾ ਗਿਆ। ਵਰਤਮਾਨ ਸਮੇਂ ਸਿੱਖ ਆਨੰਦ ਕਾਰਜ ਨੂੰ ਵੀ ਭਾਰਤੀ ਕਾਨੂੰਨ ਪ੍ਰਣਾਲੀ ਅਨੁਸਾਰ, ਪ੍ਰਵਾਨਗੀ ਸਰਟੀਫਿਕੇਟ 'ਹਿੰਦੂ ਕੋਡ ਬਿੱਲ' ਅਨੁਸਾਰ ਹੀ ਕੋਰਟ ਮੈਰਿਜ ਦੀ ਸ਼ਕਲ ਵਿਚ ਦਿੱਤਾ ਜਾਂਦਾ ਹੈ।

ਆਨੰਦ ਕਾਰਜ ਐਕਟ ਰਾਹੀਂ ਸਿੱਖਾਂ ਲਈ ਵੱਖਰੀ ਧਾਰਮਿਕ ਤੇ ਸਮਾਜਿਕ ਮਰਯਾਦਾ ਪ੍ਰਣਾਲੀ ਨੂੰ ਸਰਕਾਰੀ ਤੌਰ 'ਤੇ ਮਨਜ਼ੂਰੀ ਮਿਲਣ ਨਾਲ ਜਿਥੇ ਸਿੱਖਾਂ ਅੰਦਰ ਸੰਸਾਰਿਕ ਚੇਤਨਾ ਨੇ ਜਨਮ ਲਿਆ ਉਥੇ 'ਵੱਖਰੀ ਕੌਮ' ਵਜੋਂ ਸਿੱਖਾਂ ਲਈ ਅਲੱਗ ਰਾਜਨੀਤੀ ਅਧਿਕਾਰਾਂ ਦੀ ਪ੍ਰਾਪਤੀ ਲਈ ਵੀ ਚੇਸ਼ਟਾ ਜਾਗੀ। ਬੋਸ਼ੱਕ ਪਹਿਲੇ ਦੌਰ ਵਿਚ ਸਿੰਘ ਸਭਾ ਲਹਿਰ ਆਪਣੇ ਸਥਾਪਨਾ ਲਕਸ਼ 'ਸਮਾਜਿਕ ਸੁਧਾਰ' ਤੱਕ ਹੀ ਸੀਮਤ ਰਹੀ ਅਤੇ ਸਿਆਸੀ ਖੇਤਰ ਵਿਚ ਹਕੂਮਤ ਦੇ ਦਬਾਉ ਕਾਰਨ ਤੇ ਸਰਕਾਰੀ ਫਰਮਾਂਬਰਦਾਰੀ ਦੇ ਨਤੀਜੇ ਵਜੋਂ ਨਾਕਾਮਯਾਬ ਹੀ ਰਹੀ। ਪਰ 20ਵੀਂ ਸਦੀ ਦੇ ਸ਼ੁਰੂ ਵਿਚ ਪਹਿਲੀ ਵਾਰ ਸਿੱਖ ਪ੍ਰਤੀਨਿਧਾਂ ਨੇ ਸੂਬੇ ਦੇ ਸਿਆਸੀ ਜੀਵਨ ਵਿਚ ਕਿਰਿਆਸ਼ੀਲ ਹੋਣਾ ਸ਼ੁਰੂ ਕੀਤਾ। ਖਾਲਸਾ ਦੀਵਾਨ ਦੇ ਆਗੂਆਂ ਨੇ ਰਾਜਨੀਤਕ ਪ੍ਰਕਿਰਿਆ ਰਾਹੀਂ ਸਿੱਖਾਂ ਵਾਸਤੇ ਸਿਆਸੀ ਹੱਕਾਂ ਦੇ ਪ੍ਰਸੰਗ ਵਿਚ ਆਵਾਜ਼ ਬੁਲੰਦ ਕੀਤੀ। ਸਰਕਾਰੀ ਵਿਸ਼ਵਾਸ ਦੇ ਹਮਾਇਤੀ ਇਨ੍ਹਾਂ ਸਿੱਖ ਲੀਡਰਾਂ ਨੂੰ ਸਰਕਾਰ ਵਲੋਂ ਵਿਸ਼ਵਾਸਘਾਤ ਦਾ ਅਹਿਸਾਸ ਉਸ ਵੇਲੇ ਹੋਇਆ, ਜਦ 1909 ਈਸਵੀ ਨੂੰ 'ਮਿੰਟੋ ਮੋਰਲੇ ਸੁਧਾਰਾ' ਅਧੀਨ ਮੁਸਲਮਾਨ ਭਾਈਚਾਰੇ ਨੂੰ ਤਾਂ ਹਕੂਮਤ ਵਲੋਂ ਚੋਣ ਹਲਕੇ ਦੇ ਵੱਖਰੇ ਅਧਿਕਾਰ ਦੇ ਦਿੱਤੇ ਗਏ, ਪਰ ਸਿੱਖਾਂ ਨੂੰ ਕਾਣੀ ਵੰਡ ਕਰਦਿਆਂ ਅਜਿਹੇ ਹੱਕ ਦੇਣੋਂ ਸਾਫ ਇਨਕਾਰ ਕਰ ਦਿੱਤਾ ਗਿਆ।

ਅੰਗਰੇਜ਼ ਸਰਕਾਰ ਦੇ ਸਿੱਖਾਂ ਪ੍ਰਤੀ ਅਜਿਹੇ ਦਵਤਵਾਦੀਰਵੱਈਏ ਨੇ ਸਿੱਖਾਂ ਅੰਦਰ ਰੋਸ ਪੈਦਾ ਕੀਤਾ। ਚੀਫ ਖਾਲਸਾ ਦੀਵਾਨ ਵਲੋਂ ਮੁਸਲਮਾਨਾਂ ਵਾਂਗ ਸਿੱਖਾਂ ਵਾਸਤੇ ਵੀ ਵੱਖਰੇ ਚੋਣ ਹਲਕੇ ਦੀ ਮੰਗ ਲਗਾਤਾਰ ਉਠਾਈ ਜਾਂਦੀ ਰਹੀ ਤੇ ਅਖੀਰ ਹਕੂਮਤ ਨੇ 'ਮੌਂਟ ਫੋਰਡ ਸੁਧਾਰ' ਅਨੁਸਾਰ ਸੰਨ 1919 ਵਿਚ ਸਿੱਖਾਂ ਦੀ ਇਹ ਮੰਗ ਮੰਨ ਲਈ। ਚਾਹੇ ਰਾਜਨੀਤੀ ਖੇਤਰ ਵਿਚ ਇਸ ਐਕਟ ਦੀ ਜ਼ਿਆਦਾ ਅਹਿਮੀਅਤ ਨਹੀਂ ਸੀ, ਪਰ ਸਿਧਾਂਤਕ ਪੱਖੋਂ ਇਸ ਦੁਆਰਾ ਸਿੱਖਾਂ ਦੇ ਲਈ ਵੱਖਰੇ ਸਿਆਸੀ ਅਧਿਕਾਰਾਂ ਦੇ ਸੰਕਲਪ ਨੂੰ ਸਰਕਾਰ ਨੇ ਤਸਲੀਮ ਕਰ ਲਿਆ। ਇਸ ਸਿਆਸੀ ਜਿੱਤ ਨੇ ਸਿੰਘ ਸਭ ਲਹਿਰ ਦੀ ਧਰਾਤਲ ਨੂੰ ਰਾਜਨੀਤਕ ਰੂਪ-ਰੇਖਾ ਤਿਆਰ ਕੀਤਾ। ਇਸ ਤੋਂ ਇਲਾਵਾ ਹਕੂਮਤ ਵਲੋਂ ਕਈ ਸਿੱਖ ਰਈਸਾਂ, ਰਾਜਿਆਂ ਤੇ ਲੀਡਰਾਂ ਨੂੰ ਵਾਇਸਰਾਏ ਦੀ ਕੌਂਸਲ ਦੇ ਮੈਂਬਰ ਵੀ ਲਿਆ ਗਿਆ, ਜਿਸ ਨਾਲ ਉਨ੍ਹਾਂ ਰਾਜਸੀ ਸ਼

ਸਲੋਕ ਬਾਬਾ ਸ਼ੇਖ ਫਰੀਦ/Shalok Baba Sheikh Farid



ਪ੍ਰੋ: ਗੁਰਮੀਤ ਸਿੰਘ ਟਿਵਾਣਾ

ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ ॥

ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ ॥ 29 ॥

Coarser be thy meal O Farid ! but with a life content,

Gulp thy dry bread, with water cool and pleasant.

Temptation of a buttered bread behooves thee not,

Luxuries of a life rich for ye, were never sacrosanct.

ਪਦ-ਅਰਥ :- ਪਰਾਈ - ਦੂਜਿਆਂ ਦੀ । ਤਰਸਾਏ - ਲਾਲਚ ਵਿਚ ਆਉਣਾ । ਜੀਉ - ਆਪਣਾ ਮਨ

ਭਾਵ-ਅਰਥ : ਇਸ ਸ਼ਲੋਕ ਦੇ ਅਰਥ ਤਾਂ ਭਾਵੇਂ ਦੋਹਾਂ ਪੱਖਾਂ ਤੋਂ ਪਹਿਲੇ ਸ਼ਲੋਕ ਨਾਲ਼ ਮਿਲਦੇ ਜੁਲਦੇ ਹਨ ਪਰ ਇੱਥੇ ਫਰੀਦ ਜੀ ਮਨੁੱਖ ਨੂੰ ਨਸੀਹਤ ਕਰਦੇ ਹਨ ਕਿ ਤੂੰ ਰੁੱਖੀ-ਮਿੱਸੀ ਖਾ ਕੇ ਸੰਤੋਖ ਦਾ ਜੀਵਨ ਬਤੀਤ ਕਰ (ਕਿਉਂਕਿ ਇਸ ਦਾ ਅੰਤਮ ਫਲ ਮਿੱਠਾ ਹੋਵੇਗਾ) । ਤੂੰ ਦੂਜਿਆਂ ਦੀ ਚੋਪੜੀ (ਸਵਾਦੀ ਭੋਜਨ) ਨੂੰ ਦੇਖ ਕੇ ਆਪਣੇ ਮਨ ਨੂੰ ਨਾ ਤਰਸਾ (ਨਾ ਹੀ ਉਨ੍ਹਾਂ ਦੇ ਪਦ-ਚਿੰਨ੍ਹਾਂ ਤੇ ਤੁਰਨ ਦੀ ਕਦੀ ਸੋਚ), ਕਿਉਂਕਿ ਜਿੱਥੇ ਉਹ ਅਗਲੇ ਜੀਵਨ ਲਈ ਕੰਡੇ ਬੀਜ ਰਹੇ ਹਨ, ਉਥੇ ਤੂੰ ਹੱਕ-ਹਲਾਲ ਦੀ ਕਮਾਈ ਉਤੇ ਸਬਰ-ਸੰਤੋਖ ਨਾਲ਼ ਜਿਉਂਦਿਆਂ ਆਪਣਾ ਅੱਗਾ ਸੰਵਾਰ ਰਿਹਾ ਹੈਂ ਕਿਉਂਕਿ ਪ੍ਰਮਾਤਮਾ ਨੂੰ ਹੱਕ-ਹਲਾਲ ਦੀ ਕਮਾਈ ਹੀ ਮਨਜ਼ੂਰ ਹੈ । ਚੋਪੜੀ ਖਾਣ ਵਾਲ਼ਿਆਂ ਨੂੰ ਗੁੱਝੀ ਤਾੜਨਾ ਹੈ ਕਿ ਉਨ੍ਹਾਂ ਦਾ ਭਵਿੱਖ ਉਜਲਾ ਨਹੀਂ ।

ਅਜੁ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜਿ ਜਾਇ ॥

ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥ 30 ॥

Come this day, bereft of sharing my Spouse's bed,

This thy aching body being torn, thread by thread.

Dare I lurk around, while asking the deserted ones,

How do they pass their nights, ever full of dread.

ਪਦ-ਅਰਥ :- ਕੰਤ - ਪਤੀ (ਪ੍ਰਭੂ ਪ੍ਰਮਾਤਮਾ)। ਅੰਗ -ਸਰੀਰ ਦੇ ਵੱਖ ਵੱਖ ਹਿੱਸੇ । ਮੁੜੇ ਮੁੜਿ ਜਾਇ - ਮੁੜ ਮੁੜ ਜਾਂਦੇ ਹਨ। ਡੋਹਾਗਣੀ - ਦੁਹਾਗਣ, ਛੁੱਟੜ, ਪਤੀ ਦੀ ਤਿਆਗੀ ਹੋਈ । ਰੈਣਿ ਵਿਹਾਇ - ਰਾਤ ਗੁਜ਼ਰਦੀ ਹੈ ।

ਭਾਵ-ਅਰਥ : ਜੀਵ-ਆਤਮਾ ਕਹਿ ਰਹੀ ਹੈ ਕਿ ਮੈਂ ਅੱਜ ਦੀ ਰਾਤ ਹੀ ਆਪਣੇ ਪਤੀ, ਪ੍ਰਮਾਤਮਾ (ਆਜ਼ਾਦੀ, ਭਰਾਤਰੀਅਤਾ ਤੇ ਸਰਬ ਸਾਂਝੀਵਾਲਤਾ ਦੇ ਸਰੂਪ) ਤੋਂ ਵਿਛੜੀ ਰਹੀ ਹਾਂ ਤੇ ਦੁੱਖ ਭੋਗ ਰਹੀ ਹਾਂ । ਪਰ ਜਿਹੜੀਆਂ ਆਤਮਾਵਾਂ ਉਪਰੋਕਤ ਗੁਣਾਂ ਦੇ ਧਰਾਨੀ ਰੱਬ ਦੇ ਲੜ ਲੱਗੀਆਂ ਹੀ ਨਹੀਂ ਅਤੇ ਉਸ ਤੋਂ (ਛੁੱਟੜਾਂ ਵਾਂਗ) ਵਿਜੋਗ ਵਿਚ ਸਦਾ ਗੁਲਾਮੀ ਤੇ ਕਾਣੀ ਵੰਡ ਦੀਆਂ ਕਦਰਾਂ ਕੀਮਤਾਂ ਨੂੰ ਚਿੰਬੜੀਆਂ ਰਹੀਆਂ ਹਨ, ਉਨ੍ਹਾਂ ਦਾ ਜੀਵਨ ਦੁਚਿੱਤੀ ਦਾ ਸ਼ਿਕਾਰ, ਪਾਪਾਂ ਦਾ ਭਾਗੀਦਾਰ ਬਣਿਆ ਰਿਹਾ ਹੈ ਕਿਉਂਕਿ ਪ੍ਰਮਾਤਮਾ ਨੀ ਭਾਉਂਦੀਆਂ ਕੀਮਤਾਂ ਦੇ ਲੜ ਲੱਗਿਆਂ ਹੀ ਜੀਵਨ ਦਾ ਸੰਤਾਪ (ਵਿਛੋੜੇ ਦਾ ਦੁੱਖ) ਮਿਟਦਾ ਹੈ ।

ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ ॥

ਪਿਰ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥ 31 ॥

A lady at her in-laws, of all love bereft,

With parents for her, no honor being left.

Even her husband's care comes to naught,

Married though she may, not a lady deft.

ਪਦ-ਅਰਥ :- ਸਾਹੁਰੈ - ਪ੍ਰਭੂ ਘਰ । ਢੋਈ - ਆਸਰਾ । ਪੇਈਐ - ਪੇਕੀਂ, ਇਸ ਦੁਨੀਆਂ ਵਿਚ । ਥਾਉ - ਜਗਾਹ । ਪਿਰ - ਪ੍ਰਭੂ ਪ੍ਰਮਾਤਮਾ । ਵਾਤੜੀ - ਥੋੜੀ ਜਿਹੀ ਬਾਤ । ਧਨ - ਜੀਵ-ਇਸਤਰੀ । ਸੋਹਾਗਣਿ - ਵਿਆਹੀ ਹੋਈ ।

ਭਾਵ-ਅਰਥ :- ਛੁੱਟੜ, ਪ੍ਰਮਾਤਮਾ ਤੋਂ ਵਿਛੜੀ ਹੋਈ ਜਵਿ-ਆਤਮਾ ਦੀ ਗੱਲ ਕਰਦੇ ਹੋਏ ਫਰੀਦ ਜੀ ਕਹਿੰਦੇ ਹਨ ਕਿ ਉਸਨੂੰ ਨਾ ਇਸ ਜੀਵਨ ਵਿਚ ਢੋਈ ਹੈ ਨਾ ਹੀ ਅਗਲੇ ਜੀਵਨ (ਰੱਬ ਦੀ ਦਰਗਾਹ) ਵਿਚ । ਪ੍ਰਮਾਤਮਾ ਪਤੀ ਉਸ ਦੀ ਬਾਤ ਨਹੀਂਪੁੱਛਦਾ (ਨ ਕਿਉਂਕਿ ਉਹ ਉਸਦੇ ਦੱਸੇ ਰਾਹ ਵਰਗੀ ਹੀ ਨਹੀਂ - ਸਰਬੱਤ ਦੇ ਕਲਿਆਣ ਦੇ ਆਦਰਸ਼ ਦੇ ਲੜ ਲੱਗੀ ਹੀ ਨਹੀਂ।) ਇਸ ਲਈ ਉਸ ਦਾ ਸੁਹਾਗਣ ਕਹਾਉਣਾ ਕੇਵਲ ਹਾਸੇ ਦੀ ਹੀ ਗੱਲ ਹੈ । ਉਸ ਨੂੰ ਕਿਸੇ ਗੱਲੋਂ ਵੀ ਪਤੀ-ਵਰਤਾ ਨਹੀਂ ਕਿਹਾ ਜਾ ਸਕਦਾ, ਕਿਉਂਕਿ ਸੁਹਾਗਣਾਂ ਉਹ ਹਨ ਜੋ ਪ੍ਰਭੂ ਨੂੰ ਭਾਉਂਦੇ ਆਦਰਸ਼ਾਂ ਦੇ ਲੜ ਲੱਗੀਆਂ ਹਨ। ਪ੍ਰਮਾਤਮਾ ਦੀ ਪੈਦਾ ਕੀਤੀ ਸਰਬੱਤ ਲੋਕਾਈ ਦੀਭਲਾਈ ਦੇ ਆਹਰ ਲੱਗਣਾ ਹੀ ਉਸਦੇ ਰਾਹ ਤੁਰਨਾ ਹੈ ।

ਸਾਹੁਰੈ ਪੇਈਐ ਕੰਤ ਕੀ ਕੰਤ ਅਗੰਮ ਅਥਾਹੁ ॥

ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹੁ ॥ 32 ॥

Living at parents or in-laws, no difference make,

But except for the Lord Infinite, all relations fake.

With His Grace, doubly blessed is the soul, O Nanak!

Whose firm faith in Caring God, can nothing shake.

ਪਦ-ਅਰਥ :- ਅਗੰਮ - ਪਹੁੰਚ ਤੋਂ ਪਰੇ । ਅਥਾਹੁ - ਡੂੰਘਾ, ਅਗਾਧ । ਭਾਵੈ - ਚੰਗੀ ਲਗਦੀ ਹੈ । ਬੇਪਰਵਾਹੁ -ਪ੍ਰਭੂ, ਪ੍ਰਮਾਤਮਾ

ਭਾਵ-ਅਰਥ :- ਗੁਰੂ ਨਾਨਕ ਦੇਵ ਜੀ ਬਾਬਾ ਫਰੀਦ ਜੀ ਦੇ ਸ਼ਲੋਕ ਦੀ ਹੋਰ ਵਧੇਰੀ ਵਿਆਖਿਆ ਕਰਦੇ ਹੋਏ ਕਹਿੰਦੇ ਹਨ ਕਿ ਸੋਹਰੇ ਚਾਹੇ ਪੇਕੇ - ਇਸ ਸੰਸਾਰ ਵਿਚ, ਜਾਂ ਅਗਲੇ ਵਿਚ - ਇਹ ਜੀਵ-ਆਤਮਾ ਹੈ ਤਾਂ ਉਸੇ ਡੂੰਘੇ ਤੇ ਪਹੁੰਚ ਤੋਂ ਬਾਹਰ ਪ੍ਰਮਾਤਮਾ ਦੀ, ਜੋ ਦੋਨਾਂ ਜਹਨਾਂ ਦਾ ਹੀ ਵਾਲੀ ਹੈ । ਪਰ ਸੁਹਾਗਣ ਜੀਵ-ਆਤਮਾ ਕੇਵਲ ਉਹੀ ਹੈ ਜੋ ਉਸ ਪ੍ਰਮਾਤਮਾ ਨੂੰ ਭਾਉਂਦੀ ਹੈ , ਉਸ ਨੂੰ ਪਿਆਰੀ ਲਗਦੀ ਹੈ । ਜ਼ਾਹਿਰ ਹੈ ਕਿ ਪ੍ਰਮਾਤਮਾ ਨੂੰ ਭਾਉਂਦੀ ਜੀਵ-ਆਤਮਾ ਕੇਵਲ ਉਨ੍ਹਾਂ ਗੁਣਾਂ ਨੂੰ ਅਪਨਾਉਣ ਵਾਲੀ ਜੀਵ-ਆਤਮਾ ਹੀ ਹੋ ਸਕਦੀ ਹੈ ਜਿੰਨ੍ਹਾਂ ਗੁਣਾਂ ਦਾ ਸਰੂਪ ਉਹ -ਪ੍ਰਮਾਤਮਾ ਹੈ ।

ਆਲਮ ਵਾਲੇ ਜੱਟ ਸੁਨਿਆਰੇ ਦੀ ਮਸ਼ਹੂਰ ਦੁਕਾਨ ਐਬਟਸਫੋਰਡ ਅਤੇ ਸਰੀ ਵਿੱਚ
GURU NANAK JEWELLERS Ltd.
50% OFF 10k & 14k DIAMOND JEWELLERY
40% OFF Seiko & Citizen Watches
ABBOTSFORD LOCATION
#106-32883,
South Frazer Way
Open 7 Days
2 Locations
Ph. 604-864-6066
604-853-5259
* The Perfect Place to Buy loved Ones Local Made & Imported Jewellery
* We Do Repairs On all Types of Jewellery
* Diamond Rings Priced To Sell !!
We have :
22k Jewellery of Necklaces, Bangles, Earrings, Pendent Sets,Bracelets, Rings for Mens and Women
We also carry Silver Neckaces Brought Straight from Italy
2 Locations
Surrey Location
#102-8383-128 St. Surrey, B.C.
Ph. 778-218-7533
778-552-8659
Surrey Open 6 days
Tuesday Closed
ਵਿਸ਼ੇਸ਼ਤਾ ਅਤੇ ਮਾਹਰਤਾ
➡ ਤੁਹਾਡੀ ਲੋੜ ਅਤੇ ਪਸੰਦ ਮੁਤਾਬਕ ਗਹਿਣੇ ।
➡ 5 ਮਿੰਟਾਂ ਵਿੱਚ ਹਰ ਤਰ੍ਹਾਂ ਦੇ ਗਹਿਣਿਆਂ ਦੀ ਮੁਰੰਮਤ ।
➡ ਹਰ ਤਰ੍ਹਾਂ ਦੇ ਇੰਪੋਰਟਡ ਗਹਿਣਿਆਂ ਦੇ ਸਪੈਸ਼ਲ ਕੀਮਤਾਂ ।
➡ ਹਰ ਤਰ੍ਹਾਂ ਦੀਆਂ ਘੜੀਆਂ ਦੀ ਮੁਰੰਮਤ ।
➡ ਇਟਲੀ ਤੋਂ ਸਿੱਧੇ ਚਾਂਦੀ ਦੇ ਸ਼ਾਨਦਾਰ ਗਹਿਣੇ ਪਹੁੰਚ ਚੁੱਕੇ ਹਨ ।
➡ ਸੀਕੋ ਅਤੇ ਸਿਟੀਜ਼ਨ ਦੀਆਂ ਘੜੀਆਂ ਤੇ 40% ਦੀ ਛੋਟ ।

For all of Your Insurance Needs!
Cascade Insurance Agencies
OPEN 7 DAYS A WEEK
Optimum Award Winning Brokers
Autoplan brokers
• Private Autoplan
• Residential, Business & Farm
• Travel Insurance
• ProRate
• Cargo & Fleet Insurance
• Course of Construction
• Garage Policies
• Liability Insurance
ਫਰੇਜ਼ਰਵੈਲੀ ਵਿੱਚ ਫਾਰਮ ਇੰਸ਼ੋਰੈਂਸ ਦੇ ਸਭ ਤੋਂ ਘੱਟ ਰੇਟ ਦਿੰਦੇ ਹਾਂ।
Mature Discount (50 years old +)
Senior Discount • New Home Discount
Claims Free Discount • Burglar Alarm Discount
ਆਓ ਦਰਸ਼ਨ ਦਿਓ
ਹੇਠ ਲਿਖੀਆਂ ਇੰਨਸ਼ੋਰੈਂਸ ਸੇਵਾਵਾਂ ਹਾਜ਼ਰ ਹਨ:
* ਕਾਰਾਂ, ਘਰਾਂ, ਬਿਜਨੈਸੱ, ਕਮਰਸ਼ੀਅਲ, ਮੈਡੀਕਲ ਅਤੇ ਫਾਰਮ ਆਦਿ
ਨੋਟ
* ਨਵੇਂ ਇੰਨਸ਼ੋਰੈਂਸ ਜਾਂ ਚੱਲ ਰਹੇ ਇੰਨਸ਼ੋਰੈਂਸ ਰੀਨਿਊ ਕਰਵਾਉਣ ਵੇਲੇ ਸਾਡੇ ਨਾਲ ਸੰਪਰਕ ਕਰੋ।
ਸਾਡੇ ਵਾਜਬ ਰੇਟਾਂ ਅਤੇ ਵਧੀਆ ਸਰਵਿਸ ਦਾ ਫਾਇਦਾ ਉਠਾਓ।
* ਆਪ ਜੀ ਦੀ ਸਹੂਲਤ ਵਾਸਤੇ ਦਫ਼ਤਰ ਹਫਤੇ ਦੇ ਸੱਤ ਦਿਨ ਹੀ ਖੁੱਲ੍ਹਾ ਰਹਿੰਦਾ ਹੈ।
ਸੋਮਵਾਰ ਤੋਂ ਸ਼ੁੱਕਰਵਾਰ :- ਸਵੇਰੇ 9:00 ਵਜੇ ਤੋਂ ਰਾਤ 7:00 ਵਜੇ
ਸ਼ਨਿਚਰ ਤੋਂ ਐਤਵਾਰ :- ਸਵੇਰੇ 12:00 ਤੋਂ ਸ਼ਾਮ 5:00 ਵਜੇ
ਫੋਨ ਨੰ: (604) 855-8828 ਫੈਕਸ: (604) 855-4770
ਆਓ ਤੇ ਪੰਜਾਬੀ ਵਿਚ ਗਲ ਬਾਤ ਕਰੋ
Gurbir Puri (President) Cell: 812-7777
Ken Makkar Cell: 807-1772
Charn Sidhu Cell: 807-9012
Harjinder (Harry) Dhillon Cell: 604 832-0032
5 Locations to Serve You!
Abbotsford Ph: 855-8828 #112 - 31935 South Fraser Way (In Clearbrook Plaza)
Surrey Ph: 590-2333 7577 King George Hwy. (Near Canadian Tire & VanCity)
Surrey Ph: 591-7900 #6 - 8776 140 Street Surrey BC V3W 5L3
Langley Ph: 532-3009 C-5-20202 66 Ave. (Near Wal-Mart)
Burnaby Ph: 430-5533 4683 Kingsway (Across Metrotown Centre)
Cascade Insurance Agencies
#112-31935 South Fraser Way., Abbotsford (In Clearbrook Plaza)
Ph: (604) 855-8828 Fax: (604) 855-4770

RIKKI PURI
NOTARY PUBLIC
Tel: 604-586-5566
Fax: 604-568-5295
• Conveyancing
• Land Transfers
• Mortgages
• Subdivision Plans
• Powers of Attorney
• Wills
• Business Transfers
• Attestations
BC Notaries
A TRUSTED TRADITION
4683 Kingsway, Burnaby BC, V5H 2B3 Email: rpuri@notaries.bc.ca

ਸਮਾਚਾਰ ਤੇ ਵਿਚਾਰ

ਖੱਬੀਆਂ ਪਾਰਟੀਆਂ ਤੇ ਸਪਾ ਦੀ ਹਾਰ –ਮਹਿਲਾ ਸ਼ਕਤੀ ਉਭਰੀ

ਸੱਤ ਰਾਜਾਂ ਦੀਆਂ ਵਿਧਾਨ ਸਭਾਵਾਂ ਅਤੇ ਇਕ ਲੋਕ ਸਭਾ ਸੀਟ ਲਈ ਹੋਈਆਂ ਉਪ-ਚੋਣਾਂ 'ਚ ਜਿਥੇ ਬਹੁਜਨ ਸਮਾਜ ਪਾਰਟੀ ਅਤੇ ਕਾਂਗਰਸ-ਤ੍ਰਿਣਮੂਲ ਕਾਂਗਰਸ ਗੱਠਜੋੜ ਨੂੰ ਵੱਡੀ ਸਫਲਤਾ ਮਿਲੀ ਹੈ, ਉਥੇ ਪੱਛਮੀ ਬੰਗਾਲ 'ਚੋਂ ਖੱਬੇ-ਪੱਖੀਆਂ ਅਤੇ ਉਤਰ ਪ੍ਰਦੇਸ਼ 'ਚੋਂ ਸਮਾਜਵਾਦੀ ਪਾਰਟੀ ਦਾ ਬੋਰੀਆ-ਬਿਸਤਰਾ ਗੋਲ ਹੋ ਗਿਆ ਹੈ। ਕੁੱਲ ਮਿਲਾ ਕੇ ਕਾਂਗਰਸ ਜ਼ਿਮਨੀ ਚੋਣਾਂ ਵਾਲੀਆਂ 31 ਵਿਧਾਨ ਸਭਾ ਸੀਟਾਂ 'ਚੋਂ 10 'ਤੇ ਜਿੱਤ ਪ੍ਰਾਪਤ ਕਰਕੇ ਸਾਰੀਆਂ ਪਾਰਟੀਆਂ ਤੋਂ ਅੱਗੇ ਰਹੀ ਹੈ। ਸਭ ਤੋਂ ਵੱਧ ਹੈਰਾਨ ਕਰਨ ਵਾਲੇ ਨਤੀਜੇ ਪੱਛਮੀ ਬੰਗਾਲ, ਉਤਰ ਪ੍ਰਦੇਸ਼ ਅਤੇ ਕੇਰਲਾ 'ਚੋਂ ਆਏ ਹਨ। ਪੱਛਮੀ ਬੰਗਾਲ 'ਚ ਤ੍ਰਿਣਮੂਲ ਕਾਂਗਰਸ ਨੇ ਲੋਕ ਸਭਾ ਚੋਣਾਂ ਵਾਲੀ ਆਪਣੀ ਕਾਰਗੁਜ਼ਾਰੀ ਦੁਹਰਾਉਂਦਿਆਂ 10 'ਚੋਂ 7 ਸੀਟਾਂ ਜਿੱਤੀਆਂ ਜਦੋਂ ਕਿ ਫਾਰਵਰਡ ਬਲਾਕ ਨੇ ਇਕ ਸੀਟ ਜਿੱਤ ਕੇ ਖੱਬੇ ਮੋਰਚੇ ਦਾ ਨੱਕ ਰੱਖ ਲਿਆ ਹੈ। ਪੱਛਮੀਂ ਬੰਗਾਲ ਦੀ ਸੱਤਾਧਾਰੀ ਪਾਰਟੀ ਲਈ ਚੋਣਾਂ ਦੇ ਨਤੀਜੇ ਬੇਹੱਦ ਨਮੋਸ਼ੀ ਭਰੇ ਹਨ ਕਿਉਂਕਿ ਇਸ ਨੇ 2009 ਦੀਆਂ ਲੋਕ ਸਭਾ ਚੋਣਾਂ ਦੀ ਹਾਰ ਤੋਂ ਕੁਝ ਨਹੀਂ ਸਿੱਖਿਆ ਲਗਦਾ। ਕੇਰਲਾ 'ਚ ਵੀ ਕਾਂਗਰਸ ਨੇ ਜ਼ਿਮਨੀ ਚੋਣਾਂ ਦੀਆਂ ਤਿੰਨੇ ਸੀਟਾਂ ਜਿੱਤ ਲਈਆਂ ਹਨ । ਇਹ ਤਿੰਨੇ ਸੀਟਾਂ ਪਹਿਲਾਂ ਵੀ ਕਾਂਗਰਸ ਕੋਲ ਹੀ ਸਨ । ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਦੀ ਕਾਰਗੁਜ਼ਾਰੀ ਵੀ ਬਹੁਤੀ ਤਸੱਲੀਬਖਸ਼ ਨਹੀਂ ਕਹੀ ਜਾ ਸਕਦੀ ਕਿਉਂਕਿ ਉਹ ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ 'ਚ ਇਕ-ਇਕ ਸੀਟ ਹੀ ਹਾਸਲ ਕਰ ਸਕੀ ਹੈ। ਸਭ ਤੋਂ ਵੱਡੀ ਜਨਸੰਖਿਆ ਵਾਲੇ ਸੂਬੇ 'ਉਤਰ ਪ੍ਰਦੇਸ਼' 'ਚ ਭਾਜਪਾ ਦੇ ਜਨ-ਆਧਾਰ ਨੂੰ ਵੱਡਾ ਖੋਰਾ ਲੱਗਣਾ ਵੀ ਸੁਭ ਸ਼ਗਨ ਨਹੀਂ। ਹਾਲ ਦੀ ਘੜੀ ਭਾਜਪਾ ਨੂੰ ਜ਼ਿਮਨੀ ਚੋਣਾਂ 'ਚ ਆਪਣਾ ਆਧਾਰ ਮਜ਼ਬੂਤ ਕਰਨ ਲਈ ਦਿਖਾਈ ਦਿੰਦੀ ਆਸ ਦੀ ਕਿਰਨ ਵੀ ਬਿਲਕੁਲ ਮੱਧਮ ਪੈ ਗਈ ਜਾਪਦੀ ਹੈ। ਇਥੋਂ ਤੱਕ ਕਿ ਭਾਜਪਾ ਲਖਨਊ ਦੀ ਵਕਾਰੀ ਸੀਟ ਹਾਰ ਗਈ ਹੈ ਜਿਥੇ ਕਾਂਗਰਸ ਦਾ ਉਮੀਦਵਾਰ ਜਿੱਤ ਹਾਸਲ ਕਰਨ 'ਚ ਕਾਮਯਾਬ ਹੋ ਰਿਹਾ ਹੈ।

ਉਤਰ ਪ੍ਰਦੇਸ਼ 'ਚ ਸੱਤਾਧਾਰੀ ਬਹੁਜਨ ਸਮਾਜ ਪਾਰਟੀ ਨੇ 11 ਵਿਧਾਨ ਸਭਾ ਹਲਕਿਆਂ ਲਈ ਹੋਈਆਂ ਜ਼ਿਮਨੀ ਚੋਣਾਂ 'ਚ ਸਮਾਜਵਾਦੀ ਪਾਰਟੀ ਤੋਂ ਚਾਰ ਸੀਟਾਂ ਖੋਹ ਕੇ ਕੁੱਲ 7 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਇਨ੍ਹਾਂ ਚੋਣਾਂ 'ਚ ਮੁਲਾਇਮ ਸਿੰਘ ਯਾਦਵ ਦੀ ਪਾਰਟੀ ਨੂੰ ਕਰਾਰੀ ਹਾਰ ਹੋਈ ਹੈ ਕਿਉਂਕਿ ਉਨ੍ਹਾਂ ਦੀ ਆਪਣੀ ਨੂੰਹ ਡਿੰਪਲ ਯਾਦਵ ਨੂੰ ਫਿਲਮ ਅਭਿਨੇਤਾ ਰਾਜ ਬੱਬਰ ਨੇ ਵੱਡੇ ਫਰਕ ਨਾਲ ਫਿਰੋਜ਼ਾਬਾਦ ਦੀ ਵੱਕਾਰੀ ਸੀਟ ਤੋਂ ਹਰਾ ਦਿੱਤਾ ਹੈ। ਪਿਛਲੀ ਮਈ 'ਚ ਹੋਈਆਂ ਲੋਕ ਸਭਾ ਚੋਣਾਂ 'ਚ ਡਿੰਪਲ ਦੇ ਪਤੀ ਅਖਿਲੇਸ਼ ਯਾਦਵ ਨੇ ਕਨੌਜ ਸੀਟ ਰੱਖਕੇ ਫਿਰੋਜ਼ਾਬਾਦ ਸੀਟ ਛੱਡ ਦਿੱਤੀ ਸੀ।

ਭਾਵੇਂ ਜ਼ਿਮਨੀ ਚੋਣਾਂ ਦੇ ਨਤੀਜਿਆਂ ਨਾਲ ਪੱਛਮੀਂ ਬੰਗਾਲ ਅਤੇ ਕੇਰਲਾ ਦੀਆਂ ਸੱਤਾਧਾਰੀ ਪਾਰਟੀਆਂ ਨੂੰ ਕੋਈ ਖਤਰਾ ਨਹੀਂ ਪੈਣ ਵਾਲਾ, ਫਿਰ ਵੀ ਇਨ੍ਹਾਂ ਪਾਰਟੀਆਂ ਦੇ ਮਜ਼ਬੂਤ ਕਿਲ੍ਹੇ ਢਹਿਣ ਨਾਲ ਇਹ ਸਪੱਸ਼ਟ ਨਜ਼ਰੀ ਪੈਂਦਾ ਹੈ ਕਿ ਖੱਬੀਆਂ ਪਾਰਟੀਆਂ ਖਿਲਾਫ ਜ਼ਬਰਦਸਤ ਹਨੇਰੀ ਝੁੱਲਣ ਲੱਗ ਪਈ ਹੈ। ਖੱਬੀਆਂ ਪਾਰਟੀਆਂ ਨੂੰ ਕੇਰਲਾ ਦੀ ਕਨੂਰ ਅਤੇ ਪੱਛਮੀਂ ਬੰਗਾਲ ਦੀ ਬੇਲਗੱਚੀਆਂ (ਪੂਰਬੀ ਬੰਗਾਲ) ਸੀਟ ਤੋਂ ਪਾਰਟੀ ਉਮੀਦਵਾਰਾਂ ਦੀ ਹਾਰ ਨਾਲ ਬਹੁਤ ਵੱਡਾ ਝਟਕਾ ਲੱਗਾ ਹੈ। ਕਾਂਗਰਸ ਦੇ ਸਿਹਯੋਗ ਨਾਲ ਤ੍ਰਿਣਮੂਲ ਕਾਂਗਰਸ ਨੇ ਬੇਲਗੱਚੀਆਂ ਸੀਟ ਸੀ. ਪੀ. ਐਮ. ਦੇ ਸੀਨੀਅਰ ਨੇਤਾ ਸੁਭਾਸ਼ ਚੱਕਰਵਰਤੀ ਦੀ ਵਿਧਵਾ ਰਮੋਲਾ ਨੂੰ ਹਰਾ ਕੇ ਜਿੱਤ ਲਈ ਜਦੋਂ ਕਿ ਸੀ. ਪੀ. ਐਮ. 'ਚੋਂ ਕੱਢੇ ਹੋਏ ਸਾਬਕਾ ਲੋਕ ਸਭਾ ਮੈਂਬਰ ਅਬਦੁੱਲਾਕੁੱਟੀ ਨੇ ਸੀ. ਪੀ. ਐਮ. ਦੇ ਮਹਾਂਰਥੀ ਐਮ. ਵੀ. ਜੈਰਾਜਨ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਹੈ। ਖੱਬੀਆਂ ਪਾਰਟੀਆਂ ਨੇ ਸ਼ਾਇਦ ਚੋਣਾਂ ਤੋਂ ਪਹਿਲਾਂ ਕੰਧ 'ਤੇ ਲਿਖਿਆ ਪੜ੍ਹ ਲਿਆ ਸੀ ਜਿਸ ਕਰਕੇ ਉਨ੍ਹਾਂ ਦਾ ਪ੍ਰਚਾਰ ਵੀ ਮੱਠਾ ਹੀ ਰਿਹਾ। ਪੱਛਮੀਂ ਬੰਗਾਲ ਅਤੇ ਕੇਰਲਾ ਦੀ ਹਾਰ ਨੇ ਸਪੱਸ਼ਟ ਰੂਪ 'ਚ 2011 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਖੱਬੇ-ਪੱਖੀ ਸਿਆਸੀ ਨੇਤਾਵਾਂ 'ਚ ਧੁੰਦਲਾਹਟ ਪੈਦਾ ਕਰ ਦਿੱਤੀ ਹੈ ਜਿਸ ਦਾ ਅਸਰ ਦੂਸਰੇ ਰਾਜਾਂ 'ਤੇ ਵੀ ਪੈਣ ਦੀ ਸੰਭਾਵਨਾ ਹੈ। ਇਨ੍ਹਾਂ ਚੋਣਾਂ 'ਚ ਸੀ. ਪੀ. ਐਮ. ਸਾਰੀਆਂ 5 ਸੀਟਾਂ ਹਾਰ ਗਈ ਹੈ, ਫਿਰ ਵੀ ਸੀ. ਪੀ. ਐਮ. ਨੇ ਮਈ-2008 'ਚ ਹੋਈਆਂ ਪੰਚਾਇਤੀ ਚੋਣਾਂ ਦੇ ਨਤੀਜਿਆਂ ਤੋਂ ਕੁਝ ਨਹੀਂ ਸਿੱਖਿਆ। ਨੰਦੀਗਰਾਮ ਅਤੇ ਸਿੰਗੂਰ ਦੀਆਂ ਜ਼ਮੀਨਾਂ ਗ੍ਰਹਿਣ ਕਰਨ ਦੇ ਮਸਲਿਆਂ ਨੇ ਪੱਛਮੀਂ ਬੰਗਾਲ ਦੀ ਸੱਤਾਧਾਰੀ ਪਾਰਟੀ ਦੀ ਕਾਫੀ ਬਦਨਾਮੀ ਕੀਤੀ ਸੀ ਜਿਸ ਦੇ ਖਿਲਾਫ ਤ੍ਰਿਣਮੂਲ ਕਾਂਗਰਸ ਦੀ ਨੇਤਾ ਸ੍ਰੀਮਤੀ ਮਮਤਾ ਬੈਨਰਜੀ (ਹੁਣ ਰੇਲਵੇ ਮੰਤਰੀ) ਨੇ ਮੋਰਚਾ ਲਾਇਆ ਸੀ। ਵਿਧਾਨ ਸਭਾ ਚੋਣਾਂ 'ਚ ਆਪਣੀ ਪਾਰਟੀ ਦੀ ਸ਼ਾਨਦਾਰ ਜਿੱਤ ਤੋਂ ਉਤਸ਼ਾਹਿਤ ਸ੍ਰੀਮਤੀ ਬੈਨਰਜੀ ਨੇ ਮਾਰਕਸੀ ਪਾਰਟੀ ਦੀ ਅਗਵਾਈ ਵਾਲੇ ਖੱਬੇ ਮੋਰਚੇ ਦੀ ਹਾਰ ਨੂੰ ਜਮਹੂਰੀਅਤ ਅਤੇ ਅਮਨ ਦੀ ਜਿੱਤ ਕਰਾਰ ਦਿੰਦਿਆਂ ਕਿਹਾ ਹੈ ਕਿ ਹੁਣ ਕਾਮਰੇਡਾਂ ਦਾ ਕਿਲ੍ਹਾ ਢਹਿਣ ਲੱਗਾ ਹੈ। ਭਾਵੇਂ ਖੱਬੇ-ਪੱਖੀ ਮੋਰਚੇ ਨੇ ਆਪਣੀ ਹਾਰ ਸਵੀਕਾਰ ਕਰ ਲਈ ਹੈ ਪਰ ਮੁੱਖ ਮੰਤਰੀ ਬੁੱਧਾਦੇਵ ਭੱਟਾਚਾਰੀਆ ਨੇ ਟਿੱਪਣੀ ਤੋਂ ਇਨਕਾਰ ਕਰ ਦਿੱਤਾ ਹੈ। ਇਸ ਤੋਂ ਸਪੱਸ਼ਟ ਹੈ ਕਿ ਖੱਬੇ-ਪੱਖੀ ਪਾਰਟੀਆਂ ਕੋਲ ਕੋਈ ਢੁੱਕਵਾਂ ਜਵਾਬ ਨਹੀਂ ਕਿ ਆਖਰ ਉਨ੍ਹਾਂ ਨੂੰ ਏਨੀ ਵੱਡੀ ਹਾਰ ਦਾ ਸਾਹਮਣਾ ਕਿਉਂ ਕਰਨਾ ਪਿਆ! ਦਿਲਚਸਪ ਗੱਲ ਇਹ ਹੈ ਕਿ ਜਿਨ੍ਹਾਂ ਜ਼ਿਮਨੀ ਚੋਣਾਂ 'ਚ ਤਿੰਨੇ ਪਾਰਟੀਆਂ-ਕਾਂਗਰਸ, ਤ੍ਰਿਣਮੂਲ ਕਾਂਗਰਸ ਅਤੇ ਬਹੁਜਨ ਸਮਾਜ ਪਾਰਟੀ-ਨੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ, ਉਨ੍ਹਾਂ ਦੀਆਂ ਨੇਤਾਵਾਂ ਔਰਤਾਂ ਹਨ ਜਿਸ ਤੋਂ ਇਹ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਦੇਸ਼ ਭਰ 'ਚ 'ਮਹਿਲਾ ਸ਼ਕਤੀ' ਉਭਰ ਕੇ ਅੱਗੇ ਆਈ ਹੈ।

ਮਾਲੀ ਸੰਕਟ ਪ੍ਰਤੀ ਪੰਜਾਬ ਸਰਕਾਰ ਗੰਭੀਰ ਨਹੀਂ

ਪੰਜਾਬ ਦੀ ਦਿਨੋ-ਦਿਨ ਬਦਤਰ ਹੁੰਦੀ ਜਾ ਰਹੀ ਮਾਲੀ ਹਾਲਤ ਦੇ ਬਾਵਜੂਦ ਬਾਦਲ ਸਰਕਾਰ ਇਸ ਸਮੱਸਿਆ ਨਾਲ ਨਜਿੱਠਣ ਲਈ ਨਾ ਤਾਂ ਕੋਈ ਗੰਭੀਰਤਾ ਦਿਖਾ ਰਹੀ ਹੈ ਤੇ ਨਾ ਹੀ ਕੋਈ ਫੁਰਤੀ। ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਦਯੋਗ ਮੰਤਰੀ ਮਨੋਰੰਜਨ ਕਾਲੀਆ ਦੀ ਦੋ-ਮੈਂਬਰੀ ਕਮੇਟੀ ਦੀਆਂ ਹੁਣ ਤਕ ਦੋ ਬੈਠਕਾਂ ਹੋ ਚੁੱਕੀਆਂ ਹਨ ਪਰ ਇਸ ਦੇ ਅਜੇ ਤੱਕ ਕੋਈ ਠੋਸ ਨਤੀਜੇ ਨਹੀਂ ਨਿਕਲੇ। ਹਾਲਾਂਕਿ ਦੋਵੇਂ ਆਗੂ ਇਸ ਗੱਲ 'ਤੇ ਸਹਿਮਤ ਹਨ ਕਿ ਸੂਬੇ ਦੀ ਨਾਜ਼ੁਕ ਸਥਿਤੀ ਨਾਲ ਨਜਿੱਠਣ ਲਈ ਕੁਝ ਸਖਤ ਉਪਾਅ ਕਰਨੇ ਪੈਣਗੇ, ਉਹ ਵੀ ਜ਼ਿਆਦਾ ਸਮਾਂ ਗੁਆਏ ਬਿਨਾਂ ਪਰ ਇਹ ਕਦੋਂ ਤੇ ਕਿਵੇਂ ਹੋਣਗੇ, ਇਸ ਸਬੰਧੀ ਕਿਸੇ ਨੂੰ ਕੁਝ ਨਹੀਂ ਪਤਾ।

ਪੰਜਾਬ ਦੀ ਆਰਥਿਕ ਮੰਦੀ ਦੇ ਦੋ ਕਾਰਨ ਦੱਸੇ ਜਾ ਰਹੇ ਹਨ। ਇਕ ਹੈ ਸੂਬੇ ਦੇ ਵੱਖ-ਵੱਖ ਵਰਗਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਦਾ ਲਗਾਤਾਰ ਵਧਦਾ ਬੋਝ ਤੇ ਦੂਜਾ ਆਮਦਨ ਲਈ ਨਵੇਂ ਸਾਧਨ ਜੁਟਾਉਣ ਵਾਸਤੇ ਜ਼ਰੂਰੀ ਇੱਛਾ-ਸ਼ਕਤੀ ਦੀ ਘਾਟ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਿਸੇ ਵੀ ਸੂਰਤ 'ਚ ਖੇਤੀ ਵਰਗ ਨੂੰ ਦਿੱਤੀਆਂ ਜਾਣ ਵਾਲੀਆਂ ਮੁਫਤ ਬਿਜਲੀ-ਪਾਣੀ ਦੀਆਂ ਸਹੂਲਤਾਂ ਅਤੇ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਲਈ ਆਟਾ-ਦਾਲ ਸਕੀਮ ਬੰਦ ਕਰਨ ਦੇ ਪੱਖ 'ਚ ਨਹੀਂ ਹਨ। ਉਨ੍ਹਾਂ ਦੀ ਦਲੀਲ ਹੈ ਕਿ ਪੰਜਾਬ ਦੇ ਕਿਸਾਨ ਪਹਿਲਾਂ ਹੀ ਕਰਜ਼ੇ ਦੇ ਬੋਝ ਥੱਲੇ ਦੱਬੇ ਹੋਏ ਹਨ।

ਜੀਅ-ਤੋੜ ਮਿਹਨਤ ਕਰਨ ਦੇ ਬਾਵਜੂਦ ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਢੁੱਕਵਾਂ ਮੁੱਲ ਨਹੀਂ ਮਿਲਦਾ ਕਿਉਂਕਿ ਫਸਲਾਂ ਦੇ ਘੱਟੋ-ਘੱਟ ਸਰਮਥਨ ਮੁੱਲ ਤੈਅ ਕਰਨ ਲਈ ਕੇਂਦਰ ਦੇ ਫਾਰਮੂਲੇ ਗਲਤ ਹਨ। ਬੀਜ, ਖਾਦ, ਕੀੜੇਮਾਰ ਦਵਾਈਆਂ ਆਦਿ ਦਿਨੋ-ਦਿਨ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ ਪਰ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਦੇ ਸਮੇਂ ਕੇਂਦਰ ਵਲੋਂ ਇਨ੍ਹਾਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ, ਜਿਸ ਕਰਕੇ ਖੇਤੀ ਹੁਣ ਲਾਹੇਵੰਦ ਧੰਦਾ ਨਹੀਂ ਰਿਹਾ। ਫਿਰ ਵੀ ਕਿਉਂਕਿ ਪੰਜਾਬ ਦੇ ਕਿਸਾਨ ਦੇਸ਼ ਦੀ ਜਨਤਾ ਦਾ ਪੇਟ ਭਰਨ 'ਚ ਅਹਿਮ ਭੂਮਿਕਾ ਨਿਭਾ ਰਹੇ ਹਨ ਤੇ ਦੇਸ਼ ਨੂੰ ਵਿਦੇਸ਼ਾਂ ਤੋਂ ਅੰਨ ਦਰਾਮਦ ਕਰਨ ਤੋਂ ਬਚਾ ਰਹੇ ਹਨ, ਇਸ ਲਈ ਖੇਤੀ ਖੇਤਰ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਬਸਿਡੀਆਂ ਦੇਣਾ ਬਹੁਤ ਜ਼ਰੂਰੀ ਹੈ।

ਦੂਜੇ ਪਾਸੇ ਬਾਦਲ ਸਰਕਾਰ ਦੀ ਗਠਜੋੜ ਸਹਿਯੋਗੀ ਭਾਜਪਾ ਦੀ ਦਲੀਲ ਹੈ ਕਿ ਅਕਾਲੀ ਦਲ ਖੇਤੀ ਖੇਤਰ ਨੂੰ ਮੁਫਤ ਬਿਜਲੀ-ਪਾਣੀ ਦੀਆਂ ਸਹੂਲਤਾਂ ਇਸ ਲਈ ਦੇ ਰਿਹਾ ਹੈ ਤਾਂ ਕਿ ਉਹ ਆਪਣੇ ਰਵਾਇਤੀ ਵੋਟ ਬੈਂਕ ਨੂੰ ਖੁਸ਼ ਰੱਖ ਸਕੇ। ਸਬਸਿਡੀਆਂ ਦਿੱਤੇ ਜਾਣ 'ਤੇ ਭਾਜਪਾ ਨੂੰ ਕੋਈ ਇਤਰਾਜ਼ ਨਹੀਂ ਹੈ ਪਰ ਇਕ ਵਰਗ ਦੀ ਸਹੂਲਤ ਲਈ ਬਾਕੀ ਵਰਗਾਂ 'ਤੇ ਇਸ ਦਾ ਬੋਝ ਪਾਉਣਾ ਠੀਕ ਨਹੀਂ ਹੈ। ਖੇਤੀ ਖੇਤਰ ਨੂੰ ਮੁਫਤ ਬਿਜਲੀ-ਪਾਣੀ ਦੇਣ ਲਈ ਹਜ਼ਾਰਾਂ ਕਰੋੜ ਰੁਪਏ ਦੇ ਖਰਚੇ ਦਾ ਬੋਝ ਪੰਜਾਬ ਦੇ ਘਰੇਲੂ, ਉਦਯੋਗਿਕ ਤੇ ਵਪਾਰਕ ਖੇਤਰਾਂ 'ਤੇ ਪਾਇਆ ਜਾ ਰਿਹਾ ਹੈ, ਜੋ ਪਹਿਲਾਂ ਹੀ ਦਿਨੋ-ਦਿਨ ਵਧ ਰਹੀ ਮਹਿੰਗਾਈ ਤੇ ਟੈਕਸਾਂ ਦੇ ਬੋਝ ਥੱਲੇ ਦੱਬੇ ਹੋਏ ਹਨ।

ਇਹ ਉਹੀ ਵਰਗ ਹਨ, ਜੋ ਚੋਣਾਂ ਦੌਰਾਨ ਆਮ ਤੌਰ 'ਤੇ ਭਾਜਪਾ ਦਾ ਹੀ ਸਾਥ ਦਿੰਦੇ ਹਨ। ਇਸ ਲਈ ਭਾਜਪਾ ਲੀਡਰਸ਼ਿਪ ਦਾ ਕਹਿਣਾ ਹੈ ਕਿ ਜਾਂ ਤਾਂ ਸਬਸਿਡੀਆਂ ਸਾਰੇ ਵਰਗਾਂ ਨੂੰ ਦਿੱਤੀਆਂ ਜਾਣ ਜਾਂ ਫਿਰ ਇਨ੍ਹਾਂ ਨੂੰ ਖਤਮ ਕਰ ਦਿੱਤਾ ਜਾਣਾ ਚਾਹੀਦਾ ਹੈ। ਜੇ ਸਰਕਾਰ ਨੇ ਖਾਲੀ ਪਏ ਸਰਕਾਰੀ ਖਜ਼ਾਨੇ ਨੂੰ ਭਰਨ ਲਈ ਆਮਦਨ ਦੇ ਨਵੇਂ ਸਾਧਨ ਜੁਟਾਉਣੇ ਹਨ ਤਾਂ ਨਵੇਂ ਟੈਕਸ ਵੀ ਸਾਰੇ ਵਰਗਾਂ 'ਤੇ ਲੱਗਣੇ ਚਾਹੀਦੇ ਹਨ।

ਇਸ ਦੌਰਾਨ ਸੂਬੇ ਦੀ ਆਰਥਿਕ ਦਸ਼ਾ ਦਿਨੋ-ਦਿਨ ਵਿਗੜਦੀ ਜਾ ਰਹੀ ਹੈ। ਹੁਣ ਹਾਲਤ ਇਹ ਹੋ ਗਈ ਹੈ ਕਿ ਸਰਕਾਰ ਨੇ ਕੇਂਦਰੀ ਸਕੀਮਾਂ ਲਈ ਮਿਲੇ ਪੈਸੇ ਵੀ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਖਰਚ ਕਰਨੇ ਸ਼ੁਰੂ ਕਰ ਦਿੱਤੇ ਹਨ। ਤਨਖਾਹ ਤੇ ਪੈਨਸ਼ਨਾਂ ਦਾ ਬਿੱਲ ਇਕ ਹਜ਼ਾਰ ਕਰੋੜ ਰੁਪਏ ਪ੍ਰਤੀ ਮਹੀਨਾ ਹੋ ਗਿਆ ਹੈ। ਰਾਜ ਸਰਕਾਰ ਨੇ 2009-10 ਲਈ ਆਪਣੀ ਸਾਲਾਨਾ ਯੋਜਨਾ 8400 ਕਰੋੜ ਰੁਪਏ ਤੈਅ ਕੀਤੀ ਸੀ। ਇਸ ਦੇ ਤਹਿਤ ਮੁੱਢਲੇ ਢਾਂਚੇ ਨੂੰ ਸੁਧਾਰਨ ਲਈ ਸ਼ੁਰੂ ਕੀਤੇ ਗਏ ਵਿਕਾਸ ਕਾਰਜਾਂ ਦੇ ਬਿੱਲ ਦੇਣ ਲਈ ਵੀ ਪੈਸੇ ਨਹੀਂ। ਹੁਣ ਰਾਜ ਸਰਕਾਰ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ, ਕੌਮੀ ਗ੍ਰਾਮੀਣ ਹੈਲਥ ਮਿਸ਼ਨ ਤੇ ਐਕਸਰੇਟਡ ਇਰੀਗੇਸ਼ਨ ਬੈਨੀਫਿਟ ਸਕੀਮ ਵਰਗੀਆਂ ਕੇਂਦਰੀ ਯੋਜਨਾਵਾਂ ਲਈ ਮਿਲੇ ਪੈਸੇ ਵੀ ਆਪਣੇ ਰੋਜ਼ਮਰਾ ਦੇ ਕੰਮਾਂ ਲਈ ਖਰਚ ਕਰਨ 'ਚ ਲੱਗੀ ਹੋਈ ਹੈ।

ਸਰਕਾਰੀ ਮੁਲਾਜ਼ਮਾਂ ਦੀ ਤਨਖਾਹ, ਪੈਨਸ਼ਨ ਅਤੇ ਲਏ ਹੋਏ ਕਰਜ਼ੇ 'ਤੇ ਵਿਆਜ਼ ਦਾ ਭੁਗਤਾਨ ਸਰਕਾਰ ਲਈ ਹਣੂ ਸਭ ਤੋਂ ਵੱਡੀ ਸਿਰਦਰਦੀ ਬਣ ਗਿਆ ਹੈ। ਸਿਰਫ ਇਹੀ ਮਦਦ ਸਰਕਾਰ ਦੇ ਕੁੱਲ ਖਰਚੇ ਦਾ 80 ਫੀਸਦੀ ਹੈ। ਜੇ ਇਹੀ ਹਾਲਤ ਰਹੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਰਕਾਰ ਕੋਲ ਇਨ੍ਹਾਂ ਲਈ ਵੀ ਪੈਸਾ ਨਹੀਂ ਬਚੇਗਾ ਤੇ ਬੈਂਕਾਂ ਤੋਂ ਕਰਜ਼ਾ ਲੈਣ ਦੀ ਹੱਦ ਖਤਮ ਹੋ ਜਾਏਗੀ। ਸੰਨ 2009-10 'ਚ ਤਨਖਾਹ, ਪੈਨਸ਼ਨ ਤੇ ਕਰਜ਼ੇ 'ਤੇ ਵਿਆਜ ਦੇ ਭੁਗਤਾਨ ਲਈ 18 ਹਜ਼ਾਰ ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਸੀ। ਇਨ੍ਹਾਂ ਦੇ ਭੁਗਤਾਨ ਲਈ ਹੁਣ ਸਰਕਾਰ ਹਰ ਮਹੀਨੇ 500-700 ਕਰੋੜ ਰੁਪਏ ਦਾ ਜਨਤਕ ਕਰਜ਼ਾ ਲੈ ਰਹੀ ਹੈ।

ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ
ਸਿੱਖ ਸੁਸਾਇਟੀ ਐਬਟਸਫੋਰਡ
ਫਰੇਜ਼ਰ ਵੈਲੀ ਦੀ ਸਮੂਹ ਸਾਧ ਸੰਗਤ ਜੀ ਨੂੰ ਹੱਥ ਜੋੜ ਕੇ ਬੇਨਤੀ ਕਰਦੇ ਹਾਂ ਕਿ ਇਹਨਾਂ ਸਮਾਗਮਾਂ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਆਪਣਾ ਜੀਵਨ ਸਫ਼ਲ ਕਰੋ ਜੀ ।

ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
ਦਿਨ ਸ਼ੁਕਰਵਾਰ 20 ਨਵੰਬਰ
ਭੋਗ ਸ੍ਰੀ ਅਖੰਡ ਸਾਹਿਬ
ਦਿਨ ਐਤਵਾਰ 22 ਨਵੰਬਰ



ਐਥਲੈਟਿਕ ਇੰਡੀਆ ਫੁੱਟਬਾਲ
ਕਲੱਬ ਦੇ ਬੱਚਿਆਂ ਦੀ ਚੜ੍ਹਦੀ ਕਲਾ ਵਾਸਤੇ ਅਤੇ ਸ: ਸਿਕੰਦਰ ਸਿੰਘ ਖਹਿਰਾ (ਨੈਸ਼ਨਲ ਹਾਕੀ ਖਿਡਾਰੀ) ਦੀ ਯਾਦ ਵਿੱਚ । ਭੋਗ ਉਪਰੰਤ ਸਮੂਹ ਖਿਡਾਰੀਆਂ ਲਈ ਇਨਾਮ ਵੰਡ ਸਮਾਰੋਹ ਹੋਵੇਗਾ ।

ਦਿਨ ਸ਼ਨੀਵਾਰ : ਲੰਗਰ 21 ਨਵੰਬਰ ਨੂੰ ਜਰਨੈਲ

ਸਥਾਨਕ ਖਬਰਾਂ

ਟੈਕਸਾਂ ਦੇ ਵਾਧੇ ਨੂੰ ਘੱਟ ਕਰਨ ਲਈ ਕਰਨੀਆਂ ਪੈਣਗੀਆਂ ਸੇਵਾਵਾਂ ਵਿਚ ਕਟੌਤੀਆਂ - ਸਿਟੀ ਮੇਅਰ

ਸਾਲ 2010 ਨੂੰ ਚਣੌਤੀਆਂ ਭਰਿਆ ਕਹਿੰਦਿਆਂ ਮੇਅਰ ਜੌਰਜ ਪੇਅਰੀ ਨੇ ਕਿਹਾ ਕਿ ਆਉਂਦੇ ਸਾਲ ਵਿਚ ਮਕਾਨ ਮਾਲਕਾਂ ਨੂੰ 5ਕ੍ਰ% ਵਧੇਰੇ ਪ੍ਰਾਪਰਟੀ ਟੈਕਸ ਦੇਣਾ ਪਵੇਗਾ ਅਤੇ ਨਾਲ੍ਹ ਹੀ ਕਈ ਸੇਵਾਵਾਂ ਤੋਂ ਵੀ ਵੰਚਿਤ ਹੋਣਾ ਪਵੇਗਾ । ਕਾਰਨ ਇਹ ਕਿ ਸਿਟੀ ਨੂੰ ਵੱਧ ਤਨਖਾਹਾਂ ਦੇਣੀਆਂ ਪੈਣਗੀਆਂ ਪਰ ਮਾਲੀਆ ਘੱਟ ਪ੍ਰਾਪਤ ਹੋਵੇਗਾ । ਵਿੱਤੀ ਸਟਾਫ ਵੱਲੋਂ ਪੇਸ਼ ਕੀਤੀ ਰਿਪੋਰਟ ਵਿਚ ਦੱਸਿਆ ਗਿਆ ਕਿ 2010 ਵਿਚ ਪੁਲਿਸ, ਫਾਇਰ ਅਤੇ ਦੂਜੇ ਵਿਭਾਗਾਂ ਦੇ ਬੱਜਟ ਨੂੰ 2009 ਦੇ ਪੱਧਰ ਤੇ ਰੱਖਣ ਲਈ $11.5 ਮਿਲੀਅਨ ਵਧੇਰੇ ਪੈਸੇ ਦੀ ਲੋੜ ਹੋਵੇਗੀ ਅਤੇ ਇੰਨਾ ਪੈਸਾ ਇਕੱਠਾ ਕਰਨ ਲਈ ਟੈਕਸਾਂ ਵਿਚ 11.9 % ਦਾ ਵਾਧਾ ਕਰਨਾ ਪਵੇਗਾ । 5% ਦੇ ਵਾਧੇ ਨਾਲ੍ਹ $5.3 ਮਿਲੀਅਨ ਪ੍ਰਾਪਤ ਹੋਵੇਗਾ । 23 ਨਵੰਬਰ ਦੀ ਮੀਟਿੰਗ ਵਿਚ ਇਸ ਰਿਪੋਰਟ 'ਤੇ ਚਰਚਾ ਹੋਵੇਗੀ । ਜੌਰਜ ਪੇਅਰੀ ਨੇ ਕਿਹਾ ਕਿ ਮੈਂ ਨਹੀਂ ਸੋਚ ਸਕਦਾ ਕਿ ਕਾਉਂਸਲ 5% ਤੋਂ ਵੱਧ ਵਾਧੇ ਦੀ ਪ੍ਰਵਾਨਗੀ ਦੇਵੇ । ਸਿਟੀ ਮੈਨੇਜਰ ਫ੍ਰੈਂਕ ਪਿਜ਼ੋਟੋ ਦਾ ਵੀ ਕਹਿਣਾ ਹੈ ਕਿ ਮੰਦਵਾੜੇ ਕਾਰਨ ਸਿਟੀ ਦਾ ਮਾਲੀਆ ਘਟਿਆ ਹੈ । ਇਸ ਕਰਕੇ ਅਗਲਾ ਸਾਲ 2009 ਤੋਂ ਵੱਧ ਤੰਗੀ ਦਾ ਸਾਲ ਹੋਵੇਗਾ । ਬੱਚਤ ਕਰਨ ਲਈ ਕਈ ਮੈਨੇਜਰਾਂ ਦੀ ਛੁੱਟੀ ਕੀਤੀ ਗਈ ਹੈ ਅਤੇ ਉਨ੍ਹਾਂ ਦੇ ਕੰਮ ਹੋਰਨਾਂ ਨੂੰ ਦਿੱਤੇ ਗਏ ਹਨ । ਕਈਆਂ ਨੂੰ ਲੇ-ਔਫ ਕੀਤਾ ਗਿਆ ਹੈ । ਇਸ ਕਰਕੇ ਸਾਰੇ ਕੰਮਾਂ ਦੀ ਕਾਰਜ-ਕੁਸ਼ਲਤਾ ਅਵੱਸ਼ ਪ੍ਰਭਾਵਿਤ ਹੋਵੇਗੀ । ਪਾਰਕਾਂ, ਸੜਕਾਂ ਨੂੰ ਸੰਵਾਰਨ ਦਾ ਕੰਮ ਅਤੇ ਨਵੇਂ ਪ੍ਰਸਾਵਿਤ ਪ੍ਰੋਜੈਕਟਾਂ ਦੇ ਕੰਮ ਨੂੰ ਨੇਪਰੇ ਚਾੜ੍ਹਨਾ ਕਠਨ ਹੋਵੇਗਾ । ਇਸੇ ਕਰਕੇ ਪੇਅਰੀ ਦਾ ਕਹਿਣਾ ਹੈ ਕਿ ਵਧੇਰੇ ਟੈਕਸ ਦੇ ਕੇ ਵੀ ਸੇਵਾਵਾਂ ਦੀਆਂ ਕਟੌਤੀਆਂ ਦਾ ਸਾਹਮਣਾ ਕਰਨਾ ਪਵੇਗਾ ।

ਖ਼ਤਰਨਾਕ ਚੌਕਾਂ ਵਿਚ ਦੁਰਘਟਨਾਵਾਂ ਨੂੰ ਰੋਕਣ/ਘੱਟ ਕਰਨ ਦੀ ਮੁਹਿੰਮ

ਬੀ ਸੀ ਭਰ ਵਿਚ ਪੁਲਿਸ ਅਤੇ ਆਈ ਸੀ ਬੀ ਸੀ ਨੇ ਮਿਲ ਕੇ ਸ਼ਹਿਰਾਂ ਦੇ ਖ਼ਤਰਨਾਕ ਚੌਕਾਂ 'ਚ ਹੋ ਰਹੀਆਂ ਦੁਰਘਟਨਾਵਾਂ ਨੂੰ ਰੋਕਣ ਜਾਂ ਘੱਟ ਕਰਨ ਦੀ ਮੁਹਿੰਮ ਵਿੱਢੀ ਹੈ । ਐਬਟਸਫੋਰਡ ਵਿਚ ਇਸ ਦਾ ਅਰੰਭ ਟਾਊਨਲਾਈਨ ਅਤੇ ਮੈਕਲਿਉਰ/ਓਲਡ ਯੋਲ ਦੇ ਚੌਕ ਤੋਂ ਕੀਤਾ ਗਿਆ ਹੈ । ਡਿਪਟੀ ਚੀਫ ਰਿਕ ਲੂਸੀ ਦਾ ਕਹਿਣਾ ਹੈ ਕਿ ਅਫਸਰ ਧੱਕੜ ਅਤੇ ਬੇ-ਧਿਆਨੀ ਨਾਲ੍ਹ ਡ੍ਰਾਈਵ ਕਰਨ ਵਾਲਿਆਂ 'ਤੇ ਕੜੀ ਨਜ਼ਰ ਰੱਖਣਗੇ । ਚੌਕਾਂ ਵਿਚ ਹੋਣ ਵਾਲੀਆਂ ਦੁਰਘਟਨਾਵਾਂ ਦੇ ਮੁਖ ਕਾਰਨ ਖੱਬੇ ਮੁੜਦਿਆਂ ਦੂਸਰੇ ਡ੍ਰਾਈਵਰ ਦੇ ਹੱਕ ਨੂੰ ਅੱਖੋਂ ਪਰੋਖੇ ਕਰਨਾ,ਟ੍ਰੈਫਿਕ ਕੰਟਰੋਲ ਯੰਤਰਾਂ ਦੀ ਅਣਦੇਖੀ ਕਰਨੀ , ਡ੍ਰਾਈਵਰ ਦੀ ਘਬਰਾਹਟ ਅਤੇ ਤੇਜ਼ ਰਫ਼ਤਾਰ ਹੁੰਦੇ ਹਨ । 2004 ਤੋਂ 2008 ਦੌਰਾਨ ਹੋਈਆਂ 625ਹਾਦਸਿਆਂ ਵਿਚੋਂ ਸਭ ਤੋਂ ਵੱਧ ਹਾਦਸੇ ਹਾਈਵੇ 1 ਤੋਂ ਮਾਊਂਟ ਲਹਿਮਨ ਤੇ ਆਉਣ ਜਾਂ ਇਸ ਤੋਂ ਹਾਈਵੇ 1 'ਤੇ ਜਾਣ ਲੱਗਿਆਂ ਹੋਏ । ਇੰਨ੍ਹਾਂ ਤੋਂ ਇਲਾਵਾ ਖ਼ਤਰਨਾਕ ਚੁਰਾਹੇ ਇਸ ਪ੍ਰਕਾਰ ਅੰਕੇ ਗਏ ਹਨ -- ਗਲੈਡਵਿਨ-ਸਾਊਥ ਫ੍ਰੇਜ਼ਰ ਵੇਅ,ਮਾਰਸ਼ਲ ਰੋਡ - ਮੈਕੱਲਮ ਰੋਡ, ਕਲੀਅਰਬਰੁੱਕ ਰੋਡ ਤੋਂ ਹਾਈਵੇਅ 1 ਨੂੰ ਐਗਜ਼ਿਟ ਅਤੇ ਐਂਟਰੀ, ਸਾਊਥ ਫ੍ਰੇਜ਼ਰ ਵੇਅ - ਟ੍ਰੈਥਵੇਅ, ਕਿੰਗ ਰੋਡ -ਮੈਕੱਲਮ ਰੋਡ, ਫ੍ਰੇਜ਼ਰ ਹਾਈਵੇਅ-ਮਾਊਂਟਲਹਿਮਨ ਰੋਡ ਅਤੇ ਫਰਗੂਸਨ ਵੇਅ - ਗਲੈਡਵਿਨ ਰੋਡ ।

ਸਕੂਲ ਡਿਸਟ੍ਰਿਕਟਾਂ ਵੱਲੋਂ ਸਰਕਾਰ ਤੋਂ ਐਚ ਐਸ ਟੀ ਵਿਚ ਰੀਬੇਟ ਦੇਣ ਦੀ ਜ਼ੋਰਦਾਰ ਮੰਗ

1 ਜੁਲਾਈ, 2010 ਤੋਂ ਲਾਗੂ ਹੋਣ ਵਾਲੇ ਐਚ ਐਸ ਟੀ ਬਾਰੇ ਜਿੱਥੇ ਆਮ ਵਿਅਕਤੀ ਨੂੰ ਆਪਣੇ ਖ਼ਰਚੇ ਵਧਣ ਦਾ ਤੌਖਲਾ ਹੈ ਉੱਥੇ ਸਕੂਲ ਡਿਸਟ੍ਰਿਕਟਾਂ ਵਰਗੀਆਂ ਵੱਡੀਆਂ ਸੰਸਥਾਵਾਂ ਵੀ ਚਿੰਤਤ ਹਨ । ਇਸ ਟੈਕਸ ਨਾਲ੍ਹ ਵੱਡੇ ਖ਼ਰਚਿਆਂ ਵਿਚ ਵਾਧੇ ਵੀ ਵੱਡੇ ਹੋਣੇ ਸੁਭਾਵਿਕ ਹਨ । ਇਸੇ ਕਰਕੇ ਬੀ ਸੀ ਐਸੋਸੀਏਸ਼ਨ ਔਫ ਸਕੂਲ ਬਿਜ਼ਨੈਸ ਅਧਕਾਰੀਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਉਨ੍ਹਾਂ ਨੂੰ 68% ਦੀ ਛੋਟ ਦਿੱਤੀ ਜਾਵੇ ਤਾਂ ਜੋ ਸਕੂਲਾਂ ਦੇ ਖ਼ਰਚਿਆਂ ਵਿਚ ਵਿਤੋਂ ਬਾਹਰਾ ਵਾਧਾ ਨਾ ਹੋਵੇ । ਇਸ ਸੰਸਥਾ ਦਾ ਅਨੁਮਾਨ ਹੈ ਕਿ ਇਸ ਟੈਕਸ ਦੇ ਲਾਗੂ ਹੋਣ ਨਾਲ੍ਹ ਸੂਬੇ ਦੇ ਕਿੰਡਰਗਾਰਟਨ-12 ਐਜੂਕੇਸ਼ਨ ਸਿਸਟਮ ਦੇ ਉਪਰੇਟਿੰਗ ਖ਼ਰਚਿਆਂ ਵਿਚ $24 ਮਿਲੀਨ ਦਾ ਵਾਧਾ ਹੋ ਜਾਵੇਗਾ । ਐਬਟਸਫੋਰਡ ਸਕੂਲ ਡਿਸਟ੍ਰਿਕਟ ਦੇ ਸਕੱਤਰ/ਖ਼ਜ਼ਾਨਚੀ ਮਾਰਕ ਲੀ ਦਾ ਕਹਿਣਾ ਹੈ ਜੀ ਐਸ ਟੀ ਸਬੰਧੀ ਪਹਿਲਾਂ ਹੀ ਅਜਿਹੀ ਛੋਟ ਦੀ ਵਿਵਸਥਾ ਹੈ । ਐਚ ਐਸ ਟੀ ਵਿਚ ਅਜਿਹੀ ਛੋਟ ਦੇਣਾ ਨਵੀਂ ਪਿਰਤ ਨਹੀਂ ਹੋਵੇਗੀ । ਲੀ ਦੇ ਕਹਿਣ ਅਨੁਸਾਰ ਅਜੇ ਤੱਕ ਸਰਕਾਰ ਵੱਲੋਂ ਇਸ ਮੰਗ ਨੂੰ ਗੰਭੀਰਤਾ ਨਾਲ੍ਹ ਸੋਚਣ ਦਾ ਕੋਈ ਸੰਕੇਤ ਨਹੀਂ ਮਿਲਿਆ ਜਿਸ ਦੀ ਅਸੀਂ ਤੀਬਰਤਾ ਨਾਲ੍ਹ ਉਡੀਕ ਕਰ ਰਹੇ ਹਾਂ ।

ਕੇਵਲ ਆਪਣੀ ਸ਼ਹਿਰੀ ਅਤੇ ਦਿਹਾਤੀ ਪ੍ਰਾਪਰਟੀਆਂ ਨੂੰ ਸੁੰਦਰ ਬਨਾਉਣ ਲਈ ਹੀ ਕੀੜੇ ਮਾਰ ਦਵਾਈਆਂਛਿੜਕਨ ਦੀ ਆਗਿਆ ਨਹੀਂ ਹੋਵੇਗੀ । ਸਿਹਤ ਅਤੇ ਸੁਰੱਖਿਆ 'ਤੇ ਪੈਣ ਵਾਲ੍ਹੇ ਭੈੜੇ ਪ੍ਰਭਾਵ ਤੋਂ ਬਚਾਉ ਕਰਨਾ ਪ੍ਰਸਤਾਵਿਤ ਨਿਯਮਾਂ ਦਾ ਮੰਤਵ ਹੈ । ਇਸ ਮਸਲੇ ਨੂੰ ਸੂਬਾਈ ਪੱਧਰ 'ਤੇ ਵੀ ਵਿਚਾਰਿਆ ਜਾ ਰਿਹਾ ਹੈ । ਜਿਨਾਂ ਚਿਰ ਇੰਨ੍ਹਾਂ ਵਿਚਾਰਾਂ ਦੇ ਸਿੱਟੇ ਸਪੱਸ਼ਟ ਰੂਪਵਿਚ ਪ੍ਰਗਟ ਨਹੀਂ ਹੁੰਦੇ, ਉਨ੍ਹਾਂ ਚਿਰ ਸ਼ਾਇਦ ਐਬਟਸਫੋਰਡ ਸਿਟੀ ਕਾਉਂਸਲ ਨਵੇਂ ਨਿਯਮ ਲਾਗੂ ਨਾ ਕਰੇ ।

ਖ਼ਤਰਨਾਕ ਚੌਕਾਂ ਵਿਚ ਦੁਰਘਟਨਾਵਾਂ ਨੂੰ ਰੋਕਣ/ਘੱਟ ਕਰਨ ਦੀ ਮੁਹਿੰਮ

ਬੀ ਸੀ ਭਰ ਵਿਚ ਪੁਲਿਸ ਅਤੇ ਆਈ ਸੀ ਬੀ ਸੀ ਨੇ ਮਿਲ ਕੇ ਸ਼ਹਿਰਾਂ ਦੇ ਖ਼ਤਰਨਾਕ ਚੌਕਾਂ 'ਚ ਹੋ ਰਹੀਆਂ ਦੁਰਘਟਨਾਵਾਂ ਨੂੰ ਰੋਕਣ ਜਾਂ ਘੱਟ ਕਰਨ ਦੀ ਮੁਹਿੰਮ ਵਿੱਢੀ ਹੈ । ਐਬਟਸਫੋਰਡ ਵਿਚ ਇਸ ਦਾ ਅਰੰਭ ਟਾਊਨਲਾਈਨ ਅਤੇ ਮੈਕਲਿਉਰ/ਓਲਡ ਯੋਲ ਦੇ ਚੌਕ ਤੋਂ ਕੀਤਾ ਗਿਆ ਹੈ । ਡਿਪਟੀ ਚੀਫ ਰਿਕ ਲੂਸੀ ਦਾ ਕਹਿਣਾ ਹੈ ਕਿ ਅਫਸਰ ਧੱਕੜ ਅਤੇ ਬੇ-ਧਿਆਨੀ ਨਾਲ੍ਹ ਡ੍ਰਾਈਵ ਕਰਨ ਵਾਲਿਆਂ 'ਤੇ ਕੜੀ ਨਜ਼ਰ ਰੱਖਣਗੇ । ਚੌਕਾਂ ਵਿਚ ਹੋਣ ਵਾਲੀਆਂ ਦੁਰਘਟਨਾਵਾਂ ਦੇ ਮੁਖ ਕਾਰਨ ਖੱਬੇ ਮੁੜਦਿਆਂ ਦੂਸਰੇ ਡ੍ਰਾਈਵਰ ਦੇ ਹੱਕ ਨੂੰ ਅੱਖੋਂ ਪਰੋਖੇ ਕਰਨਾ,ਟ੍ਰੈਫਿਕ ਕੰਟਰੋਲ ਯੰਤਰਾਂ ਦੀ ਅਣਦੇਖੀ ਕਰਨੀ , ਡ੍ਰਾਈਵਰ ਦੀ ਘਬਰਾਹਟ ਅਤੇ ਤੇਜ਼ ਰਫ਼ਤਾਰ ਹੁੰਦੇ ਹਨ । 2004 ਤੋਂ 2008 ਦੌਰਾਨ ਹੋਈਆਂ 625ਹਾਦਸਿਆਂ ਵਿਚੋਂ ਸਭ ਤੋਂ ਵੱਧ ਹਾਦਸੇ ਹਾਈਵੇ 1 ਤੋਂ ਮਾਊਂਟ ਲਹਿਮਨ ਤੇ ਆਉਣ ਜਾਂ ਇਸ ਤੋਂ ਹਾਈਵੇ 1 'ਤੇ ਜਾਣ ਲੱਗਿਆਂ ਹੋਏ । ਇੰਨ੍ਹਾਂ ਤੋਂ ਇਲਾਵਾ ਖ਼ਤਰਨਾਕ ਚੁਰਾਹੇ ਇਸ ਪ੍ਰਕਾਰ ਅੰਕੇ ਗਏ ਹਨ -- ਗਲੈਡਵਿਨ-ਸਾਊਥ ਫ੍ਰੇਜ਼ਰ ਵੇਅ,ਮਾਰਸ਼ਲ ਰੋਡ - ਮੈਕੱਲਮ ਰੋਡ, ਕਲੀਅਰਬਰੁੱਕ ਰੋਡ ਤੋਂ ਹਾਈਵੇਅ 1 ਨੂੰ ਐਗਜ਼ਿਟ ਅਤੇ ਐਂਟਰੀ, ਸਾਊਥ ਫ੍ਰੇਜ਼ਰ ਵੇਅ - ਟ੍ਰੈਥਵੇਅ,

ਕੀੜੇਮਾਰ ਦਵਾਈਆਂ ਦੇ ਛਿੜਕਾਉ 'ਤੇ ਪਾਬੰਦੀ ?

ਐਬਟਸਫੋਰਡ ਸਿਟੀ ਕਾਉਂਸਲ ਕੀੜੇ ਮਾਰ ਦਵਾਈਆਂ ਦੇ ਛਿੜਕਾਉ ਕਰਨ 'ਤੇ ਪਾਬੰਦੀ ਲਾਉਣ ਬਾਰੇ ਸੋਚ ਰਹੀ ਹੈ । ਵਿਚਾਰ ਅਧੀਨਪਾਬੰਦੀ ਅਨੁਸਾਰ ਜੇ ਤੁਸੀਂ

ਐਬਟਸਫੋਰਡ ਵਿਖੇ ਅਪੰਗ ਬੱਚਿਆਂ ਵਾਸਤੇ ਵਡ-ਆਕਾਰੀ ਆਸ਼ਰਮ ਬਨਾਉਣ ਦੀ ਯੋਜਨਾ

ਐਬਟਸਫੋਰਡ ਹਾਸਪਿਸ ਸੁਸਾਇਟੀ ਦੀ ਯੋਜਨਾ ਹੈ ਕਿ ਇੱਥੇ ਕੈਂਪਸ ਔਫ ਕੇਅਰ ਨਾਂ ਦਾ ਇਕ ਆਸ਼ਰਮ ਬਣਾਇਆ ਜਾਵੇ ਜਿੱਥੇ ਅਪੰਗ ਬੱਚਿਆਂ ਦੀ ਦੇਖ ਭਾਲ ਹੋ ਸਕੇ । ਇਸ ਮੰਤਵ ਲਈ ਜ਼ਮੀਨ ਖਰੀਦਣ ਦਾ ਕੰਮ ਨੇਪਰੇ ਚੜ੍ਹਨ ਵਾਲ੍ਹਾ ਹੈ ਅਤੇ ਇਕ ਦਾਨੀ ਵੱਲੋਂ ਇਸ ਮੰਤਵ ਲਈ ਦਾਨ ਵੀ ਮਿਲਣ ਵਾਲ੍ਹਾ ਹੈ । ਉਪਰੋਕਤ ਕੈਂਪਸ ਵਿਚ ਕੈਨੁਕ ਪਲੇਸ ਨਾਮ ਦਾ ਬੱਚਿਆਂ ਦਾ ਆਸ਼ਰਮ ਉਸਾਰਿਆ ਜਾਵੇਗਾ । ਕੈਨੁਕ ਪਲੇਸ ਦੀ ਸੀ ਈ ਓ ਫਿਲੋਮੇਨਾ ਨੇਲਵਾਜੇਕ ਦਾ ਕਹਿਣਾ ਹੈ ਇਸ ਬਾਰੇ ਵੇਰਵੇ ਕ੍ਰਿਸਮਿਸ ਤੋਂ ਪਹਿਲਾਂ ਦੱਸੇ ਜਾਣ ਦੀ ਪੂਰੀ ਸੰਭਾਵਨਾ ਹੈ । ਇਸ ਸਮੇਂ ਘੰਭੀਰ ਅਪੰਗ ਬੱਚਿਆਂ ਦੀ ਸੇਵਾ ਸੰਭਾਲ ਕੈਨੁਕ ਪਲੇਸ ਵੈਨਕੂਵਰ ਵਿਚ ਹੁੰਦੀ ਹੈ ਪਰੰਤੂ ਇਸ ਸੇਵਾ ਦੀ ਵਧ ਰਹੀ ਮੰਗ ਨੂੰ ਪੂਰਾ ਕਰਨਾ ਉਨ੍ਹਾਂ ਦੀ ਸਮਰੱਥਾ ਤੋਂ ਬਾਹਰ ਹੋ ਰਿਹਾ ਹੈ । ਉਥੇ ਹੋਰ ਵਿਸਥਾਰ ਹੋਣਾ ਵੀ ਸੰਭਵ ਨਹੀਂ । ਸਬੰਧਤ ਸੂਤਰਾਂ ਤੋਂ ਪਤਾ ਲੱਗਾ ਹੈ ਕਿ $10 ਮਿਲੀਅਨ ਦੇ ਇਸ ਪ੍ਰੋਜੈਕਟ ਨੂੰ ਪੜਾਵਾਰ ਮੁਕੰਮਲ ਕੀਤਾ ਜਾਵੇਗਾ । ਪਹਿਲੇ ਪੜਾਅ ਵਿਚ ਦਿਨ ਸਮੇਂ ਸਪੋਰਟ ਗਰੁੱਪ ਅਤੇ ਪੈਲੀਏਟਿਵ ਕੇਅਰ (ਦਰਦ ਘਟਾਉ) ਬੈਡਾਂ ਦਾ ਪ੍ਰਬੰਧ ਹੋਵੇਗਾ ਅਤੇ ਹੌਲੀ ਹੌਲੀ ਹੋਰ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ । ਇਸ ਕੰਮ ਵਿਚ ਜੁਟੇ ਸੱਜਣਾ ਦਾ ਕਹਿਣਾ ਹੈ ਸੁਸਾਇਟੀ ਨੂੰ ਸਿਟੀ ਵੱਲੋਂ ਵੀ ਇਸ ਕੰਮ ਲਈ ਉਤਸ਼ਾਹਜਨਕ ਹੁੰਗਾਰਾ ਮਿਲਿਆ ਹੈ ।

9 ਸਾਲਾ ਕੁੜੀ ਦੀ ਚੁਸਤੀ ਅਤੇ ਫੁਰਤੀ ਨੇ ਬਚਾਇਆ ਸਾਰੇ ਪਰਿਵਾਰ ਨੂੰ

16 ਨਵੰਬਰ ਸਵੇਰੇ ਮਿਸ਼ਨ ਦੀ 9 ਸਾਲਾ ਕੁੜੀ ਸੈਕੇਅ ਫਿਨਲੇ- ਪੋਡਨਰ ਜਦੋਂ ਜਾਗੀ ਤਾਂ ਉਸ ਨੇ ਆਪਣੇ ਘਰ ਵਿਚ ਧੂਆਂ ਵੇਖ ਕੇ ਝੱਟ ਆਪਣੇ ਕੋਲ ਸੁੱਤੇ 2 ਸਾਲਾ ਭਰਾ ਨੂੰ ਜਗਾਇਆ ਅਤੇ ਫਿਰ ਪੌੜੀਆਂ ਚੜ੍ਹ ਕੇ ਆਪਣੇ ਪਿਤਾ ਨੂੰ ਜਗਾਇਆ । ਪਿਤਾ ਨੇ ਪੁਲਿਸ ਨੂੰ ਸੂਚਿਤ ਕੀਤਾ ਅਤੇ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਬਾਕੀ ਦੇ ਪੰਜ ਮੈਂਬਰਾਂ ਨੂੰ ਅਤੇ ਸੈਕੇਅ ਨੂੰ ਘਰ ਤੋਂ ਬਾਹਰ ਕੱਢ ਕੇ ਕਾਰ ਵਿਚ ਬਿਠਾ ਦਿੱਤਾ । ਸੈਕੇ ਨੇ ਪੁੱਛਣ ਤੇ ਦੱਸਿਆਂ ਕਿ ਸਕੂਲ ਵਿਚ ਸਿਖਾਇਆ ਗਿਆ ਸੀ ਕਿ ਅੱਗ ਲੱਗਣ ਤੇ ਕੀ ਅਤੇ ਕਿਵੇਂ ਕਰਨਾ ਚਾਹੀਦਾ ਹੈ । " ਮੈਂ ਉਸ ਸਿਖਿਆ ਅਨੁਸਾਰ ਹੀ ਕੀਤਾ ।" ਸੈਕੇਅ ਨੇ ਕਿਹਾ । ਸੈਕੇਅ ਦੇ ਪਿਤਾ ਮਾਈਕ ਪੋਡਨਰ ਨੇ ਆਪਣੀ ਬੱਚੀ ਨੂੰ ' ਹੀਰੋ ' ਕਿਹਾ ਕਿਉਂਕਿ ਅਸਲ ਵਿਚ ਉਸ ਨੇ ਹੀ ਸਾਰੇ ਟੱਬਰ ਨੂੰ ਬਚਾਇਆ ਸੀ ।

ਕਲੋਰੀਨ ਦੀ ਤੇਜ਼ ਸੁਗੰਧ ਤੋਂ ਘਬਰਾਉਣ ਦੀ ਲੋੜ ਨਹੀਂ

ਐਬਟਸਫੋਰਡ ਸਿਟੀ ਕਾਉਂਸਲ ਵੱਲੋਂ ਸਥਾਨਕ ਸ਼ਹਿਰੀਆਂ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ ਟੈਪ ਵਾਟਰ ਵਿਚੋਂ ਆਉਣ ਵਾਲ੍ਹੀ ਕਲੋਰੀਨ ਦੀ ਸੁਗੰਧ ਜੇ ਆਮ ਸੁਗੰਧ ਨਾਲ੍ਹੋਂ ਤੇਜ਼ ਆ ਰਹੀ ਹੋਵੇ ਤਾਂ ਘਬਰਾਉਣ ਦੀ ਲੋੜ ਨਹੀਂ । ਇਸ ਦਾ ਕਾਰਨ ਇਹ ਦੱਸਿਆ ਗਿਆ ਹੈ ਕਿ ਵਰਖਾ ਦੇ ਪਾਣੀ ਨਾਲ੍ਹ ਮੈਲ/ਫੋਗ ਅਦਿ ਰੈਜ਼ਰਵਾਇਰ ਵਿਚ ਆ ਜਾਂਦੀ ਹੈ । ਇਸ ਨੂੰ ਸਾਫ/ਟਰੀਟ ਕਰਨ ਲਈ ਕਲੋਰੀਨ ਦੀ ਵੱਧ ਮਾਤ੍ਰਾ ਦੀ ਲੋੜ ਪੈਂਦੀ ਹੈ ਜਿਸ ਕਰਕੇ ਅਜਿਹੇ ਪਾਣੀ ਵਿਚੋਂ ਕਲੋਰੀਨ ਦੀ ਗੰਧ ਤੇਜ਼ ਆਉਣ ਲਗਦੀ ਹੈ ਪਰੰਤੂ ਅਜਿਹਾ ਪਾਣੀ ਕਿਸੇ ਵੀਤਰ੍ਹਾਂ ਹਾਨੀਕਾਰਕ ਨਹੀਂ ਹੁੰਦਾ ।

ਅਸੈਂਡੀਨ ਐਵਿਨਿਊ ਨੂੰ ਸੁਧਾਰਨ ਦਾ ਕੰਮ ਅੱਗੇ ਪਿਆ

ਐਬਟਸਫੋਰਡ ਡਾਉਨ ਟਾਉਨ ਵਪਾਰਕ ਅਦਾਰੇ ਪਿਛਲੇ ਦਸ ਸਾਲਾਂ ਤੋਂ ਮੰਗ ਕਰ ਰਹੇ ਹਨ ਕਿ ਅਸੈਂਡੀਨ ਐਵਿਨਿਊ 'ਤੇ ਤਬਦੀਲੀਆਂ ਕਰਕੇ ਇਸ ਏਰੀਏ ਨੂੰ ਗਾਹਕਾਂ ਲਈ ਸੁਵਿਧਾਜਨਕ ਬਣਾਇਆ ਜਾਵੇ । ਇਸ ਸਮੇਂ ਇਸ ਏਰੀਐ ਵਿਚ ਪੈਦਲ ਚੱਲਣ ਵਾਲ੍ਹੇ ਗਾਹਕਾਂ ਨੂੰ ਕਾਫੀ ਕਠਨਾਈ ਹੁੰਦੀ ਹੈ । ਨਤੀਜਾ ਇਹ ਹੈ ਕਿ ਇੱਥੇ ਦੂਜੇ ਇਲਾਕਿਆਂ ਨਾਲ੍ਹੋਂ ਵਧੇਰੇ ਬਿਲਡਿੰਗਾਂ ਖਾਲੀ ਪਈਆਂ ਹਨ । ਇੰਨ੍ਹਾਂ ਵਪਾਰਕ ਅਦਾਰਿਆਂ ਦਾ ਸੁਝਾਉ ਹੈ ਕਿ ਅਸੈਂਡੀਨ 'ਤੇ ਚਾਰ ਲੇਨਾਂ ਦੀ ਥਾਂ ਤਿੰਨ ਲੇਨਾਂ ਬਣਾਈਆਂ ਜਾਣ -ਦੋ ਆਰ ਪਾਰ ਟ੍ਰੈਫਿਕ ਲਈ ਅਤੇ ਤੀਜੀ ਪਾਲੀਨ ਸਟ੍ਰੀਟ 'ਅਤੇ ਸੈਂਟਰੋਜ਼ 'ਤੇ ਮੁੜਨ ਲਈ । ਡਾਉਨ ਟਾਉਨ ਵਿਚ ਪਾਰਕਿੰਗ ਦੀ ਵੀ ਵੱਡੀ ਸਮੱਸਿਆ ਹੈ, ਇੱਥੋਂ ਤੱਕ ਕਿ ਸਟੋਰਾਂ ਵਿਚ ਕੰਮ ਕਰਨ ਵਾਲ੍ਹੇ ਮਲਾਜ਼ਮਾਂ ਨੂੰ ਵੀ ਹਰ ਦੋ ਘੰਟੇ ਮਗਰੋਂ ਆਪਣੇ ਵਹੀਕਲ ਮੂਵ ਕਰਨੇ ਪੈਂਦੇ ਹਨ ਕਿਉਂਕਿ ਨੇੜੇ ਤੇੜੇ 8 ਘੰਟੇ ਪਾਰਕ ਕਰਨ ਦੀ ਸਹੂਲਤ ਨਹੀਂ ਹੈ । ਇਸ ਦੇ ਹੱਲ ਲਈ ਸਮਾਨਅੰਤਰ ਪਾਰਕਿੰਗ ਦੀ ਥਾਂ ਟੇਢੀ ਪਾਰਕਿੰਗ ਦਾ ਵੀ ਸੁਝਾਉ ਦਿੱਤਾ ਗਿਆ ਹੈ ਜਿਸ ਨਾਲ੍ਹ ਉਨੀ ਥਾਂ ਵਿਚ ਵੱਧ ਵਹੀਕਲ ਪਾਰਕ ਹੋ ਸਕਦੇ ਹਨ । ਸਿਟੀ ਕਾਉਂਸਲ ਦੀ ਸਮੱਸਿਆ ਇਹ ਹੈ ਕਿ ਫੰਡਾਂ ਦੀ ਘਾਟ ਕਰਕੇ ਵੱਡੇ ਖ਼ਰਚੇ ਵਾਲ੍ਹਾ ਕੋਈ ਪ੍ਰੋਜੈਕਟ ਹੱਥ ਵਿਚ ਨਹੀਂ ਲਿਆ ਜਾ ਸਕਦਾ । ਇੰਨ੍ਹਾਂ ਹਾਲਤਾਂ ਵਿਚ ਅਸੈਂਡੀਨ ਐਵਿਨਿਊ ਦੇ ਮਸਲੇ ਦੇ ਨੇੜ ਭਵਿੱਖ ਵਿਚ ਹੱਲ ਹੋਣ ਦੀ ਸੰਭਾਵਨਾ ਨਹੀਂ ।

ਪੈਰਾਮੈਡਿਕ ਸੇਵਾਵਾਂ ਦੀ ਥੁੜ ਪੈਦਾ ਕੀਤੀ ਗਈ -- ਐਂਬੂਲੈਂਸ ਸੀ ਈ ਓ

ਬੀ ਸੀ ਐਂਬੂਲੈਂਸ ਸਰਵਿਸ ਅਧਕਾਰੀਆਂ ਦਾ ਕਹਿਣਾ ਹੈ ਕਿ 14-15 ਨੂੰ ਲੋਅਰ ਮੇਨਲੈਂਡ ਵਿਚ ਅਚਾਨਕ ਪੈਰਾਮੈਡਿਕ ਸੇਵਾਵਾਂ ਦੀ ਜੋ ਘਾਟ ਹੋਈ ਉਹ ਪੈਰਾਮੈਡਿਕ ਕਰਮੀਆਂ ਵੱਲੋਂ ਪੈਦਾ ਕੀਤੀ ਗਈ ਸੀ । ਸਰਵਿਸ ਸੀ ਈ ਓ ਲੀ ਡੋਨੀ ਨੇ ਕਿਹਾ ਹੈ ਕਿ ਸਨਿੱਚਰਵਾਰ ਵਾਲ੍ਹੇ ਦਿਨ 100 ਐਂਬੂਲੈਂਸਾਂ ਸੇਵਾ ਵਿਚ ਹੁੰਦੀਆਂ ਹਨ ਪਰੰਤੂ 14 ਨਵੰਬਰ, ਸਨਿੱਚਰਵਾਰ ਨੂੰ ਫ੍ਰੇਜ਼ਰ ਵੈਲੀ ਵਿਚ 23 ਐਂਬੂਲੈਂਸਾਂ ਸੇਵਾ ਨਹੀਂ ਕਰ ਰਹੀਆਂ ਸਨ ਕਿਉਂਕਿ ਕਾਮਿਆਂ ਨੇ

ਤੁਸ਼ਾਰ ਕਪੂਰ : ਭਾਲ ਦਿਲਰੁਬਾ ਦੀ

ਫਿਲਹਾਲ ਤੁਸ਼ਾਰ ਕਪੂਰ ਇਹ ਨਹੀਂ ਸੋਚਦਾ, ਉਸ ਨੇ ਹਰਫਨ ਮੌਲਾ ਗੋਬਿੰਦਾ ਦੀ ਥਾਂ ਲੈ ਲਈ ਹੈ। ਉਹ ਤਾਂ ਇਸ ਮਹਾਨ ਕਲਾਕਾਰ ਨਾਲ ਤੁਲਨਾ ਕਰਨ ਦੇ ਹੀ ਵਿਰੁੱਧ ਹੈ। ਉਸ ਦੀ ਖੁਸ਼ਕਿਸਮਤੀ ਹੁੰਦੀ ਹੈ ਕਿ ਉਸ ਨੂੰ ਕੋਈ 'ਦੀਦੀ' ਨਾਲ ਫ਼ਿਲਮਾਂ ਕਰਨ ਨੂੰ ਕਹਿੰਦਾ ਹੈ। ਤੁਸ਼ਾਰ ਤਾਂ ਸੁਪਨੇ 'ਚ ਵੀ ਗੋਵਿੰਦਾ ਦੇ ਹਾਸਰਸ ਅੰਦਾਜ਼ ਦੀ ਨਕਲ ਸਬੰਧੀ ਸੋਚ ਨਹੀਂ ਸਕਦਾ। 'ਕੁੱਲੀ ਨੰਬਰ 1' ਤੇ 'ਹੀਰੋ ਨੰਬਰ 1' ਗੋਵਿੰਦਾ ਦੀਆਂ ਫ਼ਿਲਮਾਂ ਵਾਰ-ਵਾਰ ਤੁਸ਼ਾਰ ਕਪੂਰ ਨੇ ਤੱਕੀਆਂ ਹਨ। 'ਲਾਈਫ ਪਾਰਟਨਰ' ਹੋਵੇ ਜਾਂ 'ਰਨ ਭੋਲਾ ਰਨ' ਗੋਵਿੰਦਾ ਨੇ ਕਦੇ ਵੀ ਤੁਸ਼ਾਰ ਦੇ ਕੰਮ 'ਚ ਅੜਿੱਕਾ ਨਹੀਂ ਡਾਹਿਆ। ਤੁਸ਼ਾਰ ਦੇ ਮਾਮਲੇ 'ਚ ਇਹ ਗੱਲ ਗਲਤ ਸਾਬਤ ਹੋਈ ਹੈ ਕਿ ਗੋਵਿੰਦਾ ਦੁਸਰੇ ਕਲਾਕਾਰਾਂ ਦੇ ਰਾਹ 'ਚ ਰੋੜਾ ਬਣਦਾ ਹੈ। 'ਗੋਲਮਾਲ ਰਟਰਨਰਜ਼' ਨੂੰ ਆਪਣੀ ਵਧੀਆ ਫ਼ਿਲਮ ਕਹਿਣ ਵਾਲਾ ਤੁਸ਼ਾਰ ਕਪੂਰ ਆਖਦਾ ਹੈ ਕਿ ਜੇਕਰ ਕੋਈ ਫ਼ਿਲਮ ਚਲਦੀ ਹੈ ਤਾਂ ਅਗਲੀ ਫ਼ਿਲਮ ਲਈ ਇਹ ਗੱਲ ਚੰਗੀ ਹੁੰਦੀ ਹੈ। ਉਸ ਨੂੰ ਪਤਾ ਹੈ ਕਿ ਇਸ ਨਗਰੀ 'ਚ ਤੁਸੀਂ ਚੰਗੇ ਜਾਂ ਬੁਰੇ ਆਪਣੀ ਪਿਛਲੀ ਫ਼ਿਲਮ ਦੇ ਆਧਾਰ 'ਤੇ ਮੰਨੇ ਜਾਂਦੇ ਹੋ। ਉਹ ਇਸ ਨਾਲ ਸਹਿਮਤ ਨਹੀਂ ਕਿ ਖੁਦ ਉਨ੍ਹਾਂ ਦੇ ਘਰ ਵਾਲੇ ਉਸ ਨੂੰ ਸੋਲੋ ਨਾਇਕ ਦੇ ਤੌਰ 'ਤੇ ਵਿਕਾਊ ਨਹੀਂ ਮੰਨਦੇ। ਉਸ ਨੇ ਖੁਦ ਘਰਦਿਆਂ ਦੀ ਉਸ ਨੂੰ ਸ਼ੁਰੂ 'ਚ ਲੈ ਕੇ ਪਹਿਲੀ ਫ਼ਿਲਮ ਬਣਾਉਣ ਦੇ ਇਰਾਦੇ ਤੋਂ ਨਾਂਹ ਕੀਤੀ ਸੀ ਕਿਉਂਕਿ ਉਹ ਆਪਣੇ ਬਲਬੂਤੇ ਆਪਣੀ ਪਛਾਣ ਬਣਾਉਣਾ ਚਾਹੁੰਦਾ ਸੀ ਤੇ ਨਹੀਂ ਚਾਹੁੰਦਾ ਕਿ ਉਸ ਦੇ ਪਰਿਵਾਰਕ ਮੈਂਬਰ ਉਸ ਦੀ ਸਹਾਇਤਾ ਕਰਨ। ਆਪਣੇ-ਆਪ ਨੂੰ ਇਕੱਲਾ ਕਹਿਣ ਵਾਲੇ ਤੁਸ਼ਾਰ ਕਪੂਰ ਦੀ ਜ਼ਿੰਦਗੀ 'ਚ ਫਿਲਹਾਲ ਕੋਈ ਮਹਿਬੂਬਾ ਨਹੀਂ ਤੇ ਉਸ ਦੀ ਭਾਲ ਹੈ। ਉਹ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਬਹੁਤ ਸਾਵਧਾਨ ਹੈ।

ਜ਼ੀਆ ਖਾਨ : ਲੰਦਨ ਰਹਿ ਗਿਆ ਅਸਲੀ ਰੂਪ

ਲੰਦਨ 'ਚ ਪਲੀ ਤੇ ਵੱਡੀ ਹੋਈ ਜ਼ੀਆ ਖਾਨ ਸ਼ੁਰੂ ਤੋਂ ਹੀ ਅਭਿਨੇਤਰੀ ਬਣਨਾ ਚਾਹੁੰਦੀ ਸੀ। ਉਂਜ ਜਦ ਸਟਰਾਸਬਰਗ ਥੀਏਟਰ ਤੇ ਫ਼ਿਲਮੀ ਸੰਸਥਾ 'ਚ ਉਹ ਸੀ ਤਾਂ ਉਸ ਨੂੰ 'ਨਿਸ਼ਬਦ' ਫ਼ਿਲਮ ਦੀ ਪੇਸ਼ਕਸ਼ ਆਈ ਸੀ। ਜ਼ੀਆ ਦੀ ਅੰਮੀ ਦੇ ਫ਼ਿਲਮੀ ਦੁਨੀਆ 'ਚ ਚੰਗੇ ਸੰਬੰਧ ਸਨ ਤੇ ਉਸ ਦੀਆਂ ਫੋਟੋਆਂ ਨਿਰਮਾਤਾਵਾਂ ਤਕ ਪਹੁੰਚੀਆਂ ਹੋਈਆਂ ਸਨ। ਸਾਥੀਆਂ ਦੇ ਕਹਿਣ ਤੇ ਪਹਿਲੀ ਹੀ ਫ਼ਿਲਮੀ ਪੇਸ਼ਕਸ਼ ਉਸ ਨੇ, ਬਗੈਰ ਕੋਈ ਦੇਰ ਲਾਇਆਂ ਸਵੀਕਾਰ ਕਰ ਲਈ 'ਤੇ ਉਹ ਫ਼ਿਲਮ ਇੰਡਸਟਰੀ ਦਾ ਹਿੱਸਾ ਬਣ ਗਈ। ਅਮਿਤਾਭ ਬਚਨ ਤੋਂ ਆਮਿਰ ਖਾਨ ਤਕ ਨਾਲ ਕੰਮ ਕਰਨਾ ਜ਼ੀਆ ਖਾਨ ਦੀ ਵੱਡੀ ਪ੍ਰਾਪਤੀ ਹੈ। ਹੌਲੀ-ਹੌਲੀ ਹੀ ਸਹੀ ਉਸ ਦੇ ਕੈਰੀਅਰ ਦੀ ਗੰਡੀ ਰਫ਼ਤਾਰ ਫੜ ਰਹੀ ਹੈ। ਸ਼ੁਰੂ-ਸ਼ੁਰੂ 'ਚ ਉਸ ਨੂੰ ਨਹੀਂ ਸੀ ਪਤਾ ਕਿ ਇਥੇ ਫ਼ਿਲਮ ਨਾ ਚੱਲੇ ਤਾਂ ਬਹੁਤ ਤਰਲੇ ਲਗਦੇ ਹਨ। ਹੁਣ ਤਾਂ ਉਹ ਸਭ ਸਮਝ ਚੁੱਕੀ ਹੈ। ਉਸ ਦਾ ਅਸਲੀ ਨਾਅ ਨਫੀਸਾ ਹੈ ਤੇ ਲੰਦਨ 'ਚ ਉਸ ਦੇ ਘਰ ਵਾਲੇ ਉਸ ਨੂੰ ਇਸੇ ਹੀ ਨਾਅ ਨਾਲ ਪੁਕਾਰਦੇ ਹਨ। ਨਫੀਸਾ ਉਸ ਦਾ ਘਰੇਲੂ ਰਿਹਰਾ ਹੈ, ਜਿਹੜਾ ਸ਼ਾਂਤ ਰਹਿੰਦਾ ਹੈ ਤੇ ਜ਼ੀਆ ਖਾਨ ਦੇ ਤੌਰ 'ਤੇ ਉਹ ਅਭਿਨੇਤਰੀ ਦੀ ਜ਼ਿੰਦਗੀ ਹੈ ਤੇ ਜ਼ੀਆ ਖਾਨ ਦੇ ਤੌਰ 'ਤੇ ਉਹ ਅਭਿਨੇਤਰੀ ਦੀ ਜ਼ਿੰਦਗੀ ਜਿਉਂ ਰਹੀ ਹੈ ਯਾਨੀ ਇਕ ਮੁਟਿਆਰ ਦੇ ਦੋ ਚਿਹਰੇ ਲੈ ਕੇ ਉਹ ਚੱਲ ਰਹੀ ਹੈ। ਉਸ ਦਾ ਅਸਲੀ ਰੂਪ ਦੇਖਣਾ ਹੈ ਤਾਂ ਤੁਹਾਨੂੰ ਉਸ ਨਾਲ ਲੰਦਨ ਜਾਣਾ ਪਵੇਗਾ। ਉਸ ਨੂੰ ਕੋਈ ਅਫਸੋਸ ਨਹੀਂ ਕਿ 'ਗਜ਼ਨੀ' 'ਚ ਆਮਿਰ ਦਾ ਕਿਰਦਾਰ ਉਸ ਤੋਂ ਵਧ ਸੀ ਬਲਕਿ ਉਸ ਨੇ ਤਾਂ ਆਮਿਰ ਖਾਨ ਨਾਲ ਕੰਮ ਕੀਤਾ ਹੈ। ਉਸ ਅਨੁਸਾਰ ਅੱਜ ਨਾਇਕਾਵਾਂ ਬਦਲ ਰਹੀਆਂ ਹਨ ਤੇ ਪੁਰਾਣੀਆਂ ਨਾਇਕਾਵਾਂ ਵਾਲਾ ਤਰੀਕਾ ਬਦਲ ਰਿਹਾ ਹੈ। ਉਸ ਨੂੰ ਆਸ ਹੈ ਕਿ ਲੋਕ ਉਸ ਨੂੰ ਸਵੀਕਾਰਦੇ ਰਹਿਣਗੇ।

ਅਵੱਲੇ ਸ਼ੌਕ ਵਾਲੀ ਤਨੂਸ਼੍ਰੀ ਦੱਤਾ

ਅੱਜਕਲ੍ਹ ਤਨੂਸ਼੍ਰੀ ਦੱਤਾ ਦਾ ਮੁੱਖ ਕੰਮ ਇਹੀ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਉਹ ਲੋਕਾਂ ਦੀਆਂ ਨਜ਼ਰਾਂ 'ਚ ਰਹੇ। ਕਦੇ ਮੇਕਅੱਪ ਵੈਨ 'ਚ ਉਹ ਏ. ਸੀ. ਰੱਖਣ ਦਾ ਸੁਪਨਾ ਲੈਂਦੀ ਹੈ ਤੇ ਕਦੇ ਕੰਪਿਊਟਰ ਨਾਲ ਮੱਥਾ ਮਾਰਦੀ ਹੈ। ਹੁਣ ਉਹ ਅਕਸਰ ਸਾੜ੍ਹੀ ਪਹਿਨੇ ਹੋਏ ਪਾਰਟੀਆਂ 'ਚ ਨਜ਼ਰ ਆਏਗੀ। ਤਨੂਸ਼੍ਰੀ ਨੇ ਨਵੇਂ-ਨਵੇਂ ਡਿਜ਼ਾਈਨ ਦੀਆਂ ਸਾੜ੍ਹੀਆਂ ਖਰੀਦ ਕੇ ਘਰ ਭਰ ਲਿਆ ਹੈ। ਪਹਿਲਾਂ ਉਹ ਵਿਆਹਾਂ 'ਤੇ ਹੀ ਸਾੜ੍ਹੀ ਪਹਿਨਦੀ ਸੀ ਪਰ ਹੁਣ ਰੰਗਦਾਰ ਸਾੜ੍ਹੀਆਂ ਪਹਿਨ ਕੇ ਦੋਸਤਾਂ ਨਾਲ ਪਿਕਨਿਕ 'ਤੇ ਵੀ ਜਾਣ ਲੱਗ ਪਈ ਹੈ। ਕਾਟਨ ਦੀਆਂ ਸਾੜ੍ਹੀਆਂ ਖਰੀਦਣ ਲਈ ਉਹ ਉਚੇਚੀ ਸੂਰਤ ਵਿਖੇ ਗਈ। ਇਹੀ ਨਹੀਂ ਅਨੁਸ਼ਕਾ ਮਨਚੰਦਾ ਦੀ ਤਰ੍ਹਾਂ ਦੋ ਸੌ ਦੇ ਕਰੀਬ ਤਨੂਸ਼੍ਰੀ ਨੇ ਜੁੱਤੀਆਂ ਦੇ ਜੋੜੇ ਵੀ ਆਪਣੇ ਲਈ ਖਰੀਦ ਕੇ ਰੱਖੇ ਹੋਏ ਹਨ।

ਮਨੀਸ਼ਾ ਲਾਂਬਾ ਦੂਸਰੀ ਸਮਿਤਾ ਪਾਟਿਲ !

ਮਨੀਸ਼ਾ ਲਾਂਬਾ ਨੂੰ ਪੰਜਾਬਣ ਹੋਣ 'ਤੇ ਫ਼ਖਰ ਹੈ ਤੇ ਉਹ ਆਖਦੀ ਹੈ ਕਿ ਪੰਜਾਬੀਆਂ ਨੂੰ ਕੁਦਰਤੀ ਹੀ ਤਾਕਤਵਰ ਜਿਸਮ ਤੇ ਦਰਿਆਦਿਲੀ ਵਾਲਾ ਖ਼ੂਨ ਮਿਲਿਆ ਹੋਇਆ ਹੈ। ਇਸ ਸਭ ਦੇ ਸੰਗਮ ਨਾਲ ਉਹ ਬੇਫਿਕਰ ਹੋ ਕੇ ਅੱਗੇ ਵਧਣ ਲਈ ਸੋਚਦੀ ਰਹਿੰਦੀ ਹੈ। ਹੱਸਦੇ-ਖੇਡਦੇ ਮਨੀਸ਼ਾ ਨੇ ਸਵਾ ਚਾਰ ਸਾਲ ਮਾਇਆਨਗਰੀ 'ਚ ਗੁਜ਼ਾਰ ਲਏ ਹਨ ਤੇ ਇਸ ਸਮੇਂ ਦੌਰਾਨ ਉਸ ਦੇ ਕੈਰੀਅਰ ਨੂੰ ਨਵੀਂ ਦਿਸ਼ਾ ਵੀ ਮਿਲੀ ਤੇ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ ਪਰ ਉਹ ਘਬਰਾਈ ਨਹੀਂ। ਇਕ ਤਾਂ ਰੂਪ ਰੰਗ ਰੱਬ ਨੇ ਵਧੀਆ ਦਿੱਤਾ ਹੈ ਤੇ ਦੂਸਰਾ ਕਲਾ ਦੇ ਅੰਸ਼ ਵੀ ਉਸ 'ਚ ਕਾਫ਼ੀ ਹਨ। ਪ੍ਰਮੁੱਖ ਗੱਲ ਇਹ ਕਿ ਦਿਲ ਖਿੱਚਵਾਂ ਜਿਸਮ ਤੇ ਆਕਰਸ਼ਣ ਮਨੀਸ਼ਾ ਲਾਂਬਾ ਦੀ ਵੱਡੀ ਪੂੰਜੀ ਹੈ। 'ਕਿਡਨੈਪ', 'ਬਚਨਾ ਐ ਹਸੀਨੋ' ਤੇ 'ਅਨਾਮਿਕਾ' ਫ਼ਿਲਮਾਂ ਨੇ ਮਨੀਸ਼ਾ ਦੀ ਬਾਲੀਵੁੱਡ 'ਚ ਬੱਲੇ-ਬੱਲੇ ਕਰਵਾ ਦਿੱਤੀ। ਸਿਨੇਮਾ ਦੇ ਮਹਾਨ ਥੰਮ੍ਹ ਸ਼ਿਆਮ ਬੈਨੇਗਲ ਨੇ ਤਾਂ ਉਸ ਨੂੰ ਦੂਸਰੀ ਸਮਿਤਾ ਪਾਟਿਲ ਦਾ ਦਰਜਾ ਦਿੱਤਾ ਹੈ। ਸ਼ਿਆਮ ਬੈਨੇਗਲ ਦੀ ਨਵੀਂ ਫ਼ਿਲਮ 'ਵੈਲਡਨ ਅੱਬਾ' ਕਰਨਾ ਦਰਸਾਉਂਦਾ ਹੈ ਕਿ ਮਨੀਸ਼ਾ ਦੀ ਮਹਾਨ ਫ਼ਿਲਮਸਾਜ਼ਾਂ 'ਚ ਕਿੰਨੀ ਇੱਜ਼ਤ ਹੈ। ਫ਼ਿਲਮੀ ਸਮਾਰੋਹਾਂ 'ਚ ਬੋਮਨ ਇਰਾਨੀ ਨਾਲ ਮਨੀਸ਼ਾ ਦੀ ਇਹ ਫ਼ਿਲਮ ਇਨਾਮਾਂ ਦੀ ਝੜੀ ਲਾਉਣ ਵਾਲੀ ਹੈ। ਪੂਰੇ ਸਰੀਰ ਦੀ ਸਫ਼ਾਈ ਤੇ ਸਿਹਤ ਪ੍ਰਤੀ ਬੇਹੱਦ ਸਾਵਧਾਨ ਮਨੀਸ਼ਾ ਲਾਂਬਾ ਸਭ ਤੋਂ ਜ਼ਿਆਦਾ ਧਿਆਨ ਆਪਣੀ ਫਿਟਨੈੱਸ 'ਤੇ ਦਿੰਦੀ ਹੈ। ਤਲੀਆਂ ਚੀਜ਼ਾਂ ਤੋਂ ਪ੍ਰਹੇਜ਼ ਕਰਦੀ ਮਨੀਸ਼ਾ ਲਾਂਬਾ ਨੂੰ ਸਫ਼ਾਈ ਵਾਲਾ ਵਾਤਾਵਰਨ ਨਾ ਮਿਲੇ ਤਾਂ ਉਥੋਂ ਉਹ ਖਿਸਕਣਾ ਪਸੰਦ ਕਰਦੀ ਹੈ। ਉਸ ਨੇ ਧਾਰ ਲਿਆ ਹੈ ਕਿ ਨਵੇਂ ਸਾਲ 'ਚ ਚੋਟੀ ਦੀਆਂ ਨਾਇਕਾਵਾਂ ਦੀ ਸ਼੍ਰੇਣੀ 'ਚ ਹਰ ਹਾਲਤ 'ਚ ਉਸ ਨੇ ਸ਼ਾਮਿਲ ਹੋਣਾ ਹੈ, ਇਹੀ ਉਸ ਦਾ ਦ੍ਰਿੜ੍ਹ ਆਤਮ-ਇਰਾਦਾ ਹੈ।

ਈਸ਼ਾ ਕੋਪੀਕਰ ਨਤੀਜੇ ਦੀ ਉਡੀਕ

ਨੀਰਜ ਮਨਚੰਦਾ ਦੀ ਸਲਾਹ ਨਾਲ ਆਪਣੇ ਨਾਂਅ ਦੇ ਅੱਖਰ ਬਦਲਣ ਵਾਲੀ ਈਸ਼ਾ ਕੋਪੀਕਰ ਪਹਿਲਾਂ ਤਾਂ ਚਮਕ-ਦਮਕ ਵਾਲੀ ਅਭਿਨੇਤਰੀ ਵਜੋਂ ਹੀ ਚਰਚਿਤ ਸੀ ਪਰ ਬਾਅਦ 'ਚ ਉਸ ਨੇ ਸਾਧਾਰਨ ਭੂਮਿਕਾਵਾਂ ਨਿਭਾਅ ਕੇ ਆਪਣੀ ਗਲੈਮਰਸ ਦਿਖ ਨੂੰ ਕਾਫ਼ੀ ਹੱਦ ਤੱਕ ਬਦਲਿਆ। 'ਏਕ ਵਿਵਾਹ ਐਸਾ ਭੀ' ਨੂੰ ਹੁਣ ਤੱਕ ਦੀ ਆਪਣੀ ਸਭ ਤੋਂ ਵਧੀਆ ਫ਼ਿਲਮ ਕਹਿਣ ਵਾਲੀ ਈਸ਼ਾ ਦੇ ਦਿਲ 'ਚ ਖਲਾਸ ਸ਼ਬਦ ਘਰ ਹੀ ਕਰ ਚੁੱਕਾ ਹੈ। ਆਪਣੇ-ਆਪ ਨੂੰ ਪੁਰਾਤਨ ਕਦਰਾਂ ਕੀਮਤਾਂ ਨਾਲ ਜੁੜੀ ਰਹਿਣ ਵਾਲੀ ਕਹਾਉਣ ਵਾਲੀ ਈਸ਼ਾ ਕੋਪੀਕਰ ਇਸ ਸਮੇਂ ਛੋਟੇ ਪਰਦੇ 'ਤੇ ਵੀ ਕਾਫ਼ੀ ਸਫ਼ਲ ਹੰਗਾਮੇ ਕਰ ਰਹੀ ਹੈ। ਖੱਲਾਸ ਗਰਲ ਤੋਂ ਚਾਂਦਨੀ ਬਣੀ ਤੇ ਹੁਣ ਬਤੌਰ ਐਂਕਰ ਦੇ ਉਸ ਨੇ ਆਪਣੇ ਕੈਰੀਅਰ ਨੂੰ ਨਵੇਂ ਪਤਾਅ ਵੱਲ ਤੋਰਿਆ ਹੈ। ਕੌਸ਼ਿਕ ਘਟਕ ਜੋ ਛੋਟੇ ਪਰਦੇ ਦਾ ਸਫ਼ਲ ਨਿਰਦੇਸ਼ਕ ਹੈ, ਨੇ ਈਸ਼ਾ ਕੋਪੀਕਰ ਨੂੰ ਛੋਟੇ ਪਰਦੇ ਦੇ ਖਾਸ ਦਾਅ-ਪੇਚ ਸਮਝਾਏ ਹਨ। ਰਿਆਲਿਟੀ ਸ਼ੋਅ 'ਦੇ ਦਨਾ ਦਨ' ਨੇ ਈਸ਼ਾ ਕੋਪੀਕਰ ਨੂੰ ਘਰ-ਘਰ 'ਚ ਚਮਕਾ ਦਿੱਤਾ ਹੈ। ਇਸ ਸ਼ੋਅ ਨੇ ਉਸ ਨੂੰ ਦੱਖਣੀ ਅਫਰੀਕਾ 'ਚ ਖੂਬ ਮੌਜਮਸਤੀ ਵੀ ਕਰਵਾਈ ਹੈ ਤੇ ਉਥੋਂ ਦੀ ਸੈਰ ਉਸ ਲਈ ਯਾਦਗਾਰੀ ਹਸੀਨ ਸੈਰ ਬਣ ਚੁੱਕੀ ਹੈ। ਐਕਰਿੰਗ ਦੇ ਨਾਲ ਈਸ਼ਾ ਇਸ ਸਮੇਂ ਮਾਰਸ਼ਲ ਆਰਟਸ ਵੀ ਸਿਖ ਰਹੀ ਹੈ। ਮਾਰਸ਼ਲ ਆਰਟ ਦੀ ਪ੍ਰੀਖਿਆ ਲਈ ਉਸ ਨੇ ਸਖਤ ਮਿਹਨਤ ਕੀਤੀ ਹੈ ਤੇ ਪਿਛਲੇ ਅੱਠ ਸਾਲਾਂ ਤੋਂ ਉਹ ਮਾਰਸ਼ਲ ਆਰਟਸ ਦਾ ਅਭਿਆਸ ਕਰ ਰਹੀ ਹੈ। ਹੁਣ ਜਾ ਕੇ ਉਸ ਨੇ ਮਾਰਸ਼ਲ ਆਰਟਸ ਦਾ ਇਮਤਿਹਾਨ ਦਿੱਤਾ ਹੈ ਤੇ ਉਸ ਨੂੰ ਉਮੀਦ ਹੈ ਕਿ ਉਹ ਚੰਗੇ ਨੰਬਰਾਂ ਨਾਲ ਇਮਤਿਹਾਨ ਪਾਸ ਕਰੇਗੀ।

Tops Pizza

ਐਬਟਸਫੋਰਡ ਵਾਸੀਆਂ ਲਈ ਜਰਨੈਲ ਸਿੰਘ ਫਰੂਟੀਕੈਨਾਂ ਸਟੋਰ ਵਾਲਿਆਂ ਨੇ ਟੌਪਸ ਪੀਜ਼ਾ ਖੋਲ੍ਹ ਦਿੱਤਾ ਹੈ ਜਿੱਥੋਂ ਤੁਸੀਂ ਬਹੁਤ ਹੀ ਵਧੀਆ, ਜ਼ਾਇਕੇਦਾਰ ਅਤੇ ਕਰਾਰਾ ਪੀਜ਼ਾ ਹਫਤੇ ਦੇ ਸੱਤੇ ਦਿਨ ਲੈ ਸਕਦੇ ਹੋ।

ਖੁਸ਼ਖਬਰੀ! NOW OPEN ਖੁਸ਼ਖਬਰੀ!

ਇੱਕ ਵਾਰ ਖਾਓਗੇ ਤਾਂ ਵਾਰ ਵਾਰ ਆਓਗੇ।

OPENING SPECIAL
ANY LARGE PIZZA
$9.99

ਅਸੀਂ ਲੰਚ ਲਈ ਵੀ ਖੁੱਲਦੇ ਹਾਂ।
Open for Lunch and Dinner
Sunday - Thursday
11am - 11pm
Friday and Saturday
11am - 1am

We also carry breads, salads, wings and lasagna
ਤੁਸੀਂ ਸਾਡੇ ਕੋਲ਼ੋਂ ਲਜ਼ਾਨੀਆ,ਗਾਰਲਿਕ ਬਰੈਡ, ਚਿਕਨ ਵਿੰਗਜ਼ ਅਤੇ ਸੈਲਡਜ਼ ਵੀ ਲੈ ਸਕਦੇ ਹੋ

Eat In. Take Out. and Delivery
604•864•2225

TOPS BY NAME, TOPS BY TASTE!

UNIT 10 - 31205 Maclure Rd.
(Close to Punjab Sweets and Fruiticana in Ellwood Center) ਪੰਜਾਬ ਸਵੀਟਸ ਅਤੇ ਫਰੂਟੀਕੈਨਾ ਸਟੋਰ ਦੇ ਨੇੜੇ ਐਲਵੁੱਡ ਸੈਂਟਰ ਵਿੱਚ

ਕਾਵਿ - ਕਿਆਰੀ

ਅੱਜ ਚੱਲਿਆ ਏ, ਵਿਆਹੁਣ ਮੇਰਾ ਵੀਰ ਕੁੜੀਓ

ਜਸਵੰਤ ਕੌਰ 'ਵਿਰਕ'
(ਗਾਲਿਬ ਕਲਾਂ)

ਨੱਚ, ਨੱਚ ਸਾਰਿਆਂ, ਲੰਘਾਈ ਸਾਰੀ ਰਾਤ ਨੀ,
ਮਸਾਂ ਮਸਾਂ ਸੋਨੇ ਰੰਗੀ ਆਈ ਪ੍ਰਭਾਤ ਨੀ।
ਦਿਨ ਖੁਸ਼ੀਆਂ ਦਾ ਅੱਜ, ਆ ਗਿਆ ਅਖੀਰ ਕੁੜੀਓ,
ਅਜ ਚਲਿਆ ਏ, ਵਿਆਹੁਣ ਮੇਰਾ ਵੀਰ ਕੁੜੀਓ,

ਰੱਜ ਚੜ੍ਹਿਆ ਏ ਰੂਪ, ਕਿੰਨਾ ਸੋਹਣਾ ਲਗਦਾ,
ਹੱਥ ਬੋਨ੍ਹਿਆ ਏ ਗਾਨਾਂ, ਮੱਥੇ ਸਿਹਰਾ ਸਜਦਾ।
ਇਹਨੂੰ ਮਿਲ ਗਈ, ਮਨ ਦੀ ਪਸੰਦ ਹੀਰ ਕੁੜੀਓ,
ਅਜ ਚਲਿਆ ਏ, ਵਿਆਹੁਣ ਮੇਰਾ ਵੀਰ ਕੁੜੀਓ।

ਆਖੇ ਭਾਬੀ ਨਜ਼ਰਾਂ ਤੋਂ, ਇਹਨੂੰ ਮੈਂ ਬਚਾਵਾਂ ਨੀ,
ਤਾਂਹੀਓਂ ਲੰਪ ਸੁਰਮੇ ਦੀ, ਭਰਕੇ ਮੈਂ ਪਾਵਾਂ ਨੀ।
ਦਿਉਰ ਮੇਰਾ ਲੱਗੇ ਇੱਕ, ਨਿਰੀ ਤਸਵੀਰ ਕੁੜੀਓ,
ਅਜ ਚਲਿਆ ਏ, ਵਿਆਹੁਣ ਮੇਰਾ ਵੀਰ ਕੁੜੀਓ।

ਤਾਏ, ਤਾਈ, ਚਾਚੇ, ਚਾਚੀ, ਕੱਢੀ ਟੌਹਰ ਪੂਰੀ ਨੀ,
ਅੱਜ ਸਾਰੇ ਕੰਮਾਂ ਨਾਲੋਂ, ਇਹੀ ਕੰਮ ਜ਼ਰੂਰੀ ਨੀ,
ਪੱਬਾਂ ਭਾਰ ਨੱਚਦੇ, ਪਤੰਗ ਜਿਹੇ ਸਰੀਰ ਕੁੜੀਓ,
ਅਜ ਚਲਿਆ ਏ, ਵਿਆਹੁਣ ਮੇਰਾ ਵੀਰ ਕੁੜੀਓ।

ਭੈਣਾਂ ਕਰਨ ਸਲਾਹਾਂ, ਅੱਜ ਨਹੀਂ ਸੰਭਣਾ,
ਆਪਾਂ ਬਾਰ ਰੁਕਵਾਈ ਦਾ ਹੈ, ਕੀ ਮੰਗਣਾ,
ਮਸਾਂ ਮਸਾਂ ਹੈ ਅੜਿੱਕੇ ਆਇਆ ਵੀਰ ਕੁੜੀਓ,
ਅਜ ਚਲਿਆ ਏ, ਵਿਆਹੁਣ ਮੇਰਾ ਵੀਰ ਕੁੜੀਓ।

ਵੱਡੇ, ਛੋਟੇ, ਵੀਰ ਸਭ, ਬਣੇ ਨੇ ਬਰਾਤੀ ਨੀ,
ਬਿਨ ਪੀਤੇ ਡਿੱਗੀ ਜਾਣ, ਅੱਜ ਸਾਰੇ ਸਾਥੀ ਨੀ।
ਨਵੀਂ ਭਾਬੋ ਦੀ ਏ, ਨੈਣੀ ਤਸਵੀਰ ਕੁੜੀਓ,
ਅਜ ਚਲਿਆ ਏ, ਵਿਆਹੁਣ ਮੇਰਾ ਵੀਰ ਕੁੜੀਓ।

ਬੈਠ ਗੀਤ ਅਤੇ ਸਿੱਠਣੀਆਂ, ਜਾਣ ਗਾਈ ਨੀ,
ਦੇਵੇ ਇਸ ਮੌਕੇ ਉਤੇ, 'ਵਿਰਕ' ਵਧਾਈ ਨੀ,
ਖਿੱਚੀ ਨਾਨਕੇ ਤੇ ਦਾਦਕਿਆਂ, ਲਕੀਰ ਕੁੜੀਓ,
ਅਜ ਚਲਿਆ ਏ, ਵਿਆਹੁਣ ਮੇਰਾ ਵੀਰ ਕੁੜੀਓ।

ਖਾਲਸੇ ਦੀ ਸ਼ਾਨ
ਅਸੀਂ ਦੀਪਕ ਹਾਂ ਕੁਰਬਾਨੀ ਦੇ

ਗਿਆਨ ਸਿੰਘ ਕੋਟਲੀ
(ਵੈਨਕੂਵਰ)

ਅਸੀਂ ਦੀਪਕ ਹਾਂ ਕੁਰਬਾਨੀ ਦੇ, ਜੋ ਜਗਦੇ ਨੇ ਤੂਫਾਨਾਂ ਵਿੱਚ ।
ਜੀਵਨ ਦੀ ਜੋਤ ਜਗਾਉਂਦੇ ਨੇ, ਜੋ ਮੁਰਦਾ-ਦਿਲ ਸ਼ਮਸ਼ਾਨਾਂ ਵਿੱਚ ।

ਮਰਨਾ ਇੱਕ ਕੌੜ ਸਚਾਈ ਏ, ਹੈ ਜੀਵਨ ਅਦਲਾ ਬਦਲੀ ਵਿੱਚ,
ਇਹ ਸ਼ੌਕ ਸਾਣ ਤੇ ਚੜ੍ਹਨ ਲਈ, ਜਾ ਵੜਦੇ ਹਾਂ ਘਮਸਾਨਾਂ ਵਿੱਚ ।

ਅਸੀਂ ਕੌਮ ਦੀ ਸ਼ਮ੍ਹਾ ਜਗਾਉਂਦੇ ਹਾਂ, ਪਾ ਚਰਬੀ ਆਪਣੇ ਸੀਨੇ 'ਚੋਂ,
ਜਦ ਕਦੇ ਬੁੱਝਣ ਤੇ ਆ ਜਾਵੇ, ਤਨ ਫੂਕ ਦਈਦਾ ਸ਼ਾਨਾ ਵਿੱਚ ।

ਜਿਸ ਮੌਤ ਦੀ ਮਾਰੂ ਰੇਖਾ ਨੇ, ਤਦਬੀਰ ਦੇ ਤੌਰ ਭੁਆਏ ਨੇ ,
ਉਸ ਮੌਤ ਨੂੰ ਨਾਚ ਨਚਾਇਆ ਏ, ਅਸੀਂ ਖੇਡਿਆਂ ਤੇ ਕ੍ਰਿਪਾਨਾਂ ਵਿੱਚ ।

ਭੰਨ ਤੋੜ ਦਈਦਾ ਹੋਈ ਨੂੰ, ਮਜ਼ਬੂਤ ਇਰਾਦੇ ਸਾਡੇ ਨੇ,
ਜੋ ਤਾਣ ਹੈ ਸਾਡੇ ਸੀਨੇ ਵਿੱਚ, ਹੋ ਸਕਦਾ ਨਹੀਂ ਚਟਾਨਾਂ ਵਿੱਚ ।

ਸਾਨੂੰ ਜਨਮ ਮੌਤ ਨੇ ਦਿੱਤਾ ਏ, ਤੂਫਾਨਾਂ ਝੂਟੇ ਦੇਣੇ ਨੇ,
ਇਹ ਮੁੱਢ ਤੋਂ ਸਬਕ ਸਿਖਾਇਆ ਏ, ਦਸ਼ਮੇਸ਼ ਨੇ ਮਾਰੂ ਤਾਨਾਂ ਵਿੱਚ ।

ਕੋਹ ਤੂਰ ਹੈ ਸਾਡੇ ਦਿਲ ਅੰਦਰ, ਉਹ ਜਲਵਾ ਨੂਰ ਇਲਾਹੀ ਦਾ ,
ਬਣ ਸੰਤ ਸਿਪਾਹੀ ਪਾਇਆ ਏ, ਜੋ ਦਿਲ ਦੀਆਂ ਘੋਰ ਡੂਘਾਨਾਂ ਵਿੱਚ ।

ਜਦ ਕਦੇ ਦੁਖੀ ਮਜ਼ਲੂਮਾਂ ਦਾ, ਤੱਕਿਆ ਏ ਖੂਨ ਵਹਾ ਹੁੰਦਾ,
ਅਸੀਂ ਖੂਨ ਜ਼ੁਲਮ ਦਾ ਪੀਤਾ ਹੈ, ਜਾ ਰੱਤੜੇ ਲਹੂ ਮੈਦਾਨਾਂ ਵਿੱਚ ।

ਨਿਰਦੋਸ਼ ਦੇ ਘਾਇਲ ਫੱਟਾਂ ਤੇ, ਬਣ ਦਰਦੀ ਹੰਝੂ ਕੇਰੇ ਨੇ,
ਆਬਾਦ ਹੈ ਦੁਨੀਆ ਸਾਡੀ ਵੀ, ਮਜ਼ਲੂਮ ਦੀਆਂ ਮੁਸਕਾਨਾਂ ਵਿੱਚ ।

ਆਜ਼ਿਜ਼ ਹਾਂ, ਪਰ ਕਾਇਰ ਨਹੀਂ, ਸ਼ਰਧਾ ਨੂੰ ਸੀਸ ਝੁਕਾਉਂਦੇ ਹਾਂ,
ਜ਼ਾਲਿਮ ਦੀ ਖਾਤਰ ਜ਼ਾਲਿਮ ਹਾਂ, ਇਨਸਾਨ ਵੀ ਹਾਂ ਇਨਸਾਨਾਂ ਵਿੱਚ ।

ਜੋ ਧਰਤੀ ਅਰਸ਼ ਹਿੱਲਾ ਦੇਵੇ, ਫੜ ਝੂਣ ਦਏ ਤੂਫਾਨਾਂ ਨੂੰ ,
ਉਹ ਤਾਣ ਏ ਸਾਡੇ ਸੀਨੇ ਵਿੱਚ, ਉਹ ਹਲਚਲ ਏ ਅਰਮਾਨਾਂ ਵਿੱਚ ।

ਅਸੀਂ ਦੂਲੇ ਦੇਸ਼ ਪੁਜਾਰੀ ਹਾਂ, ਆਸ਼ਿਕ ਹਾਂ ਵੀਰ ਭਰਾਵਾਂ ਦੇ ,
ਪਰਵਾਨੇ ਹਾਂ ਇਸ ਧਰਤੀ ਦੇ, ਪਰ ਚਰਚੇ ਨੇ ਅਸਮਾਨਾਂ ਵਿੱਚ

ਤੀਲਾ ਤੀਲਾ ਆਸ਼ਿਆਨਾ ਮੋੜ ਦੇ। ਮੈਨੂੰ ਮੇਰਾ ਘਰ ਵੀਰਾਨਾ ਮੋੜ ਦੇ।

ਜੀਵਨ ਰਾਮਪੁਰੀ

ਤੈਥੋਂ ਇਸ ਦੀ ਤੜਪ ਸਹਿ ਹੋਣੀ ਨਹੀਂ,
ਮੇਰਾ ਗਮ ਮੈਨੂੰ ਨਾਦਾਨਾ ਮੋੜ ਦੇ।
ਸਾਂਭ ਰੱਖ ਤੂੰ ਆਪਣੀ ਸੰਜੀਦਗੀ,
ਮੈਨੂੰ ਮੇਰਾ ਦਿਲ ਦੀਵਾਨਾ ਮੋੜ ਦੇ।

ਸ਼ਾਇਰਾਨਾ ਆਸ਼ਕਾਨਾ ਦੁਲਬੁਲਾ,
ਮੇਰੇ ਮੌਲਾ ਓਹ ਜ਼ਮਾਨਾ ਮੋੜ ਦੇ।
ਓਹ ਕਿ ਜਿਹੜਾ ਪੀੜਿਆਂ ਮੁਕਦਾ ਨਹੀਂ,
ਮਸਤੀ ਦਾ ਮੈਨੂੰ ਪੈਮਾਨਾ ਮੋੜ ਦੇ।

ਦੌਰੇ ਸੂਫੀਆਨਾ ਮੇਰਾ ਲੈ ਲਵੋ,
ਮੈਨੂੰ ਮੇਰਾ ਬੜ੍ਹਮ ਖਾਨਾ ਮੋੜ ਦੇ।
ਉਹ ਕਿ ਜਿਹੜਾ ਖਰਚਿਆਂ ਮੁੱਕਦਾ ਨਹੀਂ,
ਦਰਦ ਦਾ ਮੈਨੂੰ ਖਜ਼ਾਨਾ ਮੋੜ ਦੇ।

ਜਦ ਤੂੰ ਸਾਰੇ ਪਿਆਰ ਦੇ ਦੀਪਕ ਬੁਝਾ ਗਈ।
ਸਾਨੂੰ ਹਨੇਰੇ ਰਾਹਾਂ ਤੇ ਤੁਰਨਾ ਸਿਖਾ ਗਈ।
ਮੈਂ ਸਮਝਦਾ ਹਾਂ ਤੈਨੂੰ ਵੀ ਫਰਜ਼ਾਂ ਦੀ ਲਾਜ ਸੀ,
ਇਕ ਬੱਜਰ ਪਾਪ ਸਮਝ ਕੇ ਤੂੰ ਤਿਲਮਿਲਾ ਗਈ।

ਪਿਆਰੇ ਸੁਹਾਣੇ ਮੌਸਮਾਂ ਤੈਨੂੰ ਸੀ ਮੋਹ ਲਿਆ,
ਤੈਨੂੰ ਪਿਆਰ ਕਰਨ ਦੀ ਸੀ ਜਾਚ ਆ ਗਈ।
ਬਣਕੇ ਬਹਾਰ ਫ਼ਾ ਗਿਆ ਮੁੜ ਜੋਬਨਾਂ ਦਾ ਰੰਗ,
ਜੋਬਨ ਤਰੰਗ ਪਿਆਰ ਦਾ ਬਿਸਤਰ ਮਹਿਕਾ ਗਈ।

ਫਿਰ ਜਲਜਲਾ ਬਣ ਫੁੱਟ ਪਿਆ ਕੁਝ ਲਾਵਿਆਂ ਦਾ ਵੇਗ,
ਜੋ ਬਣ ਸੁਨਾਮੀ ਲਹਿਰ ਸਭ ਸੁਪਨੇ ਮਿਟਾ ਗਈ।

ਤੂੰ ਡਰਦੀ ਮਾਰੀ ਅਤਿ ਦੀ ਭੈਭੀਤ ਹੋ ਗਈ,
ਭੈ ਬਣਕੇ ਸੰਸਾ ਮਹਿਕਦੇ ਜੋਬਨ ਨੂੰ ਖਾ ਗਈ।

ਜੋ ਨੇ ਮੇਰੇ ਸੁਪਨੇ ਸੁਹਾਣੇ,
ਓਹ ਨੇ ਅਣ ਪੁੱਗੇ ਮਰ ਜਾਣੇ।
ਜੋ ਸੀ ਮੇਰੇ ਸਾਕ ਸਬੰਧੀ,
ਓਹ ਰਿਸ਼ਤੇ ਸੀ ਆਦਮ ਖਾਣੇ।

ਆਪਣਾ ਪਿਆਰ ਜਤਾ ਨਾ ਪਾਏ,
ਸੀ ਹਮਰਾਹੀ ਪਰ ਅਣਜਾਣੇ।
ਸਹਿਰਾਵਾਂ ਦੀ ਜੂਨ ਹੰਢਾਈ,
ਤਪਦੇ ਮਾਰੂ ਸਫਰ ਪਿਰਾਣੇ।

ਸ਼ਾਹਬਾਜ਼ਾਂ ਦੀਆਂ ਪਰਵਾਜ਼ਾਂ ਨੇ,
ਜੂਨ ਬਿਤਾਈ ਭੰਗ ਦੇ ਭਾਣੇ।
ਕਸ਼ਮਕਸ਼ ਸੋਘਰਸ਼ ਨਾ ਮੁੱਕੇ,
ਜਿੰਦ ਆ ਪਹੁੰਚੀ ਮਰਨ ਠਿਕਾਣੇ।

ਭੁੱਲ ਭੁਲੱਈਆਂ ਬਣਿਆ ਜੀਵਨ,
ਗੁਜ਼ਰੀ ਉਮਰ ਬੜੀ ਬੇਮਾਅਨੇ।
ਜਗ ਦਾ ਨ੍ਹੇਰ ਮੁਕਾ ਨਾ ਪਾਏ,
ਪੰਡਤ ਭਾਈ ਅਤੇ ਮੁਲਾਣੇ।

ਰਹੇ ਉਮਰ ਭਰ ਬਣ ਬੇਗਾਨੇ,
ਜੋ ਸੀ ਮੇਰੇ ਸੁਪਨ ਸੁਹਾਣੇ।

ਕਸੂਰੀ

ਬਲਵੰਤ ਸਰਾਂ
(ਮੱਦੋਕੇ)

ਨਾਗਾਂ ਮੱਥੇ ਮਣੀ ਵੇ ਲੋਕੋ-
ਮੱਥੇ ਮ੍ਰਿਗ ਕਸੂਰੀ।
ਸਾਡੇ ਮੱਥੇ ਤਿੜਕੀ ਕਿਸਮਤ-
ਮੁੜ ਚੱਲੀ ਜਿੰਦ ਅਧੂਰੀ।

ਚਹੂੰ ਦਿਸ਼ਾ ਤੋਂ ਵਗਣ ਹਵਾਵਾਂ-
ਸਾਨੂੰ ਵਾਅ ਨਾ ਲੱਗੇ।
ਦਿਲ ਦੇ ਵਿਹੜੇ ਘੁੱਪ ਹਨੇਰਾ
ਨਾ ਕੋਈ ਦੀਵਾ ਜਗੇ।

ਚੰਦ ਸੂਰਜ ਨਾ ਤਾਰਾ ਦਿਸਦਾ-
ਜਿੰਦਗੀ ਪਲ-ਪਲ ਝੂਠੀ।
ਸਾਡੇ ਮੱਥੇ ਤਿੜਕੀ ਕਿਸਮਤ-
ਮੁੜ ਚੱਲੀ ਜਿੰਦ ਅਧੂਰੀ।

ਵਿਚ ਉਡੀਕਾਂ ਉਮਰਾਂ ਲੰਘੀਆਂ,
ਰੱਖੇ ਪਲੇਘ ਵਿਛਾ।
ਸੌ-ਭਾਂਤੇ ਪਕਵਾਨ ਬਣਾਏ-
ਕਿਸੇ ਨਾ ਖਾਧੇ ਆ।

ਨਾ ਕੋਈ ਰਾਂਝਾ ਬੇਲਿਓ ਆਇਆ,
ਕੁੱਟੀ ਰਹਿ ਗਈ ਚੂਰੀ।
ਸਾਡੇ ਮੱਥੇ ਤਿੜਕੀ ਕਿਸਮਤ-
ਮੁੜ ਚੱਲੀ ਜਿੰਦ ਅਧੂਰੀ।

ਫੁੱਲ ਲਿਆਕੇ ਹਾਰ ਪਰੋਏ-
ਕਿਸ ਦੇ ਗਲ ਵਿਚ ਪਾਵਾਂ?

ਦਿਲ ਦੇ ਵਿਹੜੇ ਕੋਈ ਨਾ ਵੜਿਆ,
ਅੱਖਾਂ ਥੱਕੀਆਂ ਤਕ ਤਕ ਰਾਹਵਾਂ।

ਕੁਮਲਾ ਗਏ ਫੁੱਲ ਤੇ ਸੁੱਕੀਆਂ ਪੱਤੀਆਂ-
ਹਿਹਾ ਨਾ ਜਲਵਾ ਨੂਰੀ।
ਸਾਡੇ ਮੱਥੇ ਤਿੜਕੀ ਕਿਸਮਤ-
ਮੁੜ ਚੱਲੀ ਜਿੰਦ ਅਧੂਰੀ।

ਰੂਪ ਕਵਾਰਾ ਅਣ-ਵਿਧ ਮੋਤੀ-
ਕਿਸ ਦੀ ਸੇਜ ਸਜਾਵਾਂ।
ਰੰਗਲੀ ਪੱਖੀ ਪਈ ਸਿਰਹਾਣੇ-
ਕਿਸ ਦੇ ਮੁੱਖ ਝੁਲਾਵਾਂ।

ਉਸ ਵੱਲ ਤੁਰਾਂ ਉਹ ਛੋਹ ਨਾ ਹੋਵੇ-
ਵਧੀ ਜਾਵੇ ਦੂਰੀ।
ਸਾਡੇ ਮੱਥੇ ਤਿੜਕੀ ਕਿਸਮਤ-
ਮੁੜ ਚੱਲੀ ਜਿੰਦ ਅਧੂਰੀ।

'ਬਲਵੰਤ ਸਰਾਂ' ਉਹ ਕਿਸ ਕੰਮ ਬੂਟਾ-
ਜਿਸ ਦੇ ਫਲ ਗਏ ਅਜਾਈਂ।
ਫੁੱਲ ਭਰੇ-ਭਰਾਏ ਮਹਿਕੀਂ ਮੁੜ ਗਏ-
ਨਾ ਰੂਹ ਕੋਈ ਮਹਿਕਣ ਆਈ।

ਰੰਗ-ਰੂਪ ਸਭ ਪੈ ਗਏ ਫਿੱਕੇ-
ਹੁਣ ਕਿਸ ਦੀ ਮਗਰੂਰੀ।
ਸਾਡੇ ਮੱਥੇ ਤਿੜਕੀ ਕਿਸਮਤ-
ਮੁੜ ਚੱਲੀ ਜਿੰਦ ਅਧੂਰੀ।

ਪਿੰਡ ਦੀ ਕਹਾਣੀ

ਪਵਨ 'ਗਿੱਲਾਂ ਵਾਲਾ'

ਅੱਜ ਫੇਰ ਯਾਦ ਆਈ
ਪਿੰਡ ਦੀ ਕਹਾਣੀ ਓਹ,
ਜਦੋਂ ਮੁੜ ਬਹਿੰਦੀ ਸੀ,
ਮਿੱਤਰਾਂ ਦੀ ਢਾਣੀ ਓਹ।

ਸੱਥ ਵਿੱਚ ਘੁੰਢ ਉਤੇ,
ਖੇਸ ਦੀ ਬੁੱਕਲ ਮਾਰ,
ਦੋ-ਚਾਰ, ਛੇ ਤਾਂ ਅੱਠ
ਜੁੜ ਬਹਿੰਦੇ ਦਸ ਯਾਰ।

ਫੇਰ ਕੁਝ ਨਵੀਂ ਕੁਝ
ਛੇੜਦੇ ਪੁਰਾਣੀ ਓਹ,
ਜਦੋਂ ਜੁੜ ਬਹਿੰਦੀ ਸੀ....

ਕਦੇ ਸਰਕਾਰਾਂ ਦੀ ਜਾਂ,
ਖੇਤੀ-ਬਾਤੀ ਵਾਲੀ ਗੱਲ,
ਕੋਈ ਲੈ ਸੀ ਬਹਿੰਦਾ,
ਇਸ਼ਕ-ਮਜ਼ਾਜੀ ਵਾਲੇ ਪਲ।
ਰਾਤੀਂ ਪਹਿਰੇ ਵਾਲੇ ਕੀਹਦੇ
ਤੰਕਦੇ ਸੀ ਚੀਥਾਂ ਬਾਣੀ ਓਹ,
ਜਦੋਂ ਜੁੜ ਬਹਿੰਦੀ ਸੀ....

ਰੋਟੀ ਕਰ ਹਜ਼ਮ ਲੈਣੀ,
ਸੁਣ-ਦੱਸ ਗੰਪ ਮਾਰ ਕੇ,
ਬੋਝ ਕਰ ਲੈਂਦੇ ਹੌਲਾ,
ਝੱਲ-ਬਲੱਲੀਆਂ ਖਿਲਾਰ ਕੇ।
ਫੇਰ ਸੌਖੀ ਨੀਂਦੋਂ ਸੌਣਾ,
ਕਰ ਮਨ-ਮਾਨੀ ਓਹ
ਅੱਜ ਫੇਰ ਯਾਦ ਆਈ....

ਬੀਤ ਗਏ ਪਲ ਓਹੋ
ਲੰਘ ਗਏ ਪਾਣੀ ਓਹ,
ਬੈਠਕੇ ਬੁਢਾਪੇ ਵਿੱਚ,
ਲੱਭਦਾ ਜਵਾਨੀ ਉਹ।
ਗਿੱਲਾਂ ਦੇ ਪਵਨ ਭਾਲੋ,
ਕਿੱਥੋਂ ਜਿੰਦਗਾਨੀ ਓਹ,
ਅੱਜ ਫੇਰ ਯਾਦ ਆਈ,
ਪਿੰਡ ਦੀ ਕਹਾਣੀ ਓਹ।

ਪੰਜਾਬੀ ਦੀ ਕਨੇਡਾ ਵਿਚ ਤਰੱਕੀ

ਮੁਲਖ ਰਾਜ ਬਜਾਜ
'ਗੋਲੇਵਾਲਾ'

ਵਿਚ ਕਨੇਡਾ ਕੰਮ ਨਰਸਰੀ ਕਰਕੇ, ਅੱਠ ਡਾਲਰ ਤੂੰ ਪਾਏ
ਬੈਸਮਿੰਟਾਂ ਵਿਚ ਰਹਿ ਕੇ ਜਟਾ, ਵਧੀਆ ਦਿਨ ਲੰਘਾਏ
16 ਘੰਟੇ ਕਰਕੇ ਕੰਮ, ਡਾਲਰ ਖੂਬ ਕਮਾਨਾ ਏ
ਬੋਲੇ ਓਏ ਪੰਜਾਬੀ ਸ਼ੇਰਾ ਦੇਸ਼ ਦਾ ਨਾ ਚਮਕਾਨਾ ਏ

ਫਿਰ ਤੂੰ ਲੱਗਿਆ ਮਿੱਲ ਤੇ, ਜਾ ਕਿ ਫੱਟੇ ਖੂਬ ਚਲਾਏ
15 ਡਾਲਰ ਘੰਟਾ ਲੈ ਕੇ, ਡਾਲਰ ਖੂਬ ਬਣਾਏ
ਬਚਪਨ ਦੋਸਤ ਇੰਡੀਆ ਛੱਡੇ, ਇਥੇ ਨਵੇਂ ਬਣਾਨਾਂ ਏ
ਬੋਲੇ ਓਏ ਪੰਜਾਬੀ ਸ਼ੇਰਾ, ਦੇਸ਼ ਦਾ ਨਾ ਚਮਕਾਨਾ ਏ

ਮਿਲ ਵਿਚ ਤੇਰੇ ਸੱਟ ਲੱਗੀ ਤੋਂ, ਟੈਕਸੀ ਖੂਬ ਚਲਾਈ
ਕਈ ਗੇਰਿਆਂ ਝਗੜਾ ਕੀਤਾ, ਨਫਰਤ ਉੱਹਨਾਂ ਖਾਈ
ਛੱਡ ਟੈਕਸੀ ਟਰੱਕ ਸੀ ਫੜਿਆ, ਗੇੜੇ ਯੂ. ਐਸ. ਏ. ਦੇ ਲਾਨਾ ਏ
ਬੋਲੇ ਓਏ ਪੰਜਾਬੀ ਸ਼ੇਰਾ, ਦੇਸ਼ ਦਾ ਨਾ ਚਮਕਾਨਾ ਏ

ਪੰਜ ਸਾਲ ਕੰਮ ਤੂੰ ਕੀਤਾ, ਕੰਪਨੀ ਟਰੱਕ ਚਲਾਇਆ
ਪੰਜ ਲੱਖ ਦਾ ਘਰ ਤੂੰ ਲੈ ਕੇ, ਵਧੀਆ ਵਿਆਹ ਰਚਾਇਆ
ਦਸਾਂ ਨਹੁੰਆਂ ਦੀ ਨੇਕ ਕਮਾਈ, ਕਿਸ਼ਤਾਂ ਤਾਰੀ ਜਾਨਾਂ ਏ
ਬੋਲੇ ਓਏ ਪੰਜਾਬੀ ਸ਼ੇਰਾ, ਦੇਸ਼ ਦਾ ਨਾ ਚਮਕਾਨਾ ਏ
ਪੰਜਾਬੀ ਵੀਰਾ ਮਿਹਨਤ ਤੇਰੀ, ਪੈਸਾ ਖੂਬ ਕਮਾਇਆ
ਮਾਂ-ਬਾਪ ਨੂੰ ਡਾਲਰ ਭੇਜੇ, ਇੰਡੀਆ ਮਾਣ ਵਧਾਇਆ
8 ਡਾਲਰ ਤੋਂ ਤੁਰਿਆ ਸ਼ੇਰਾ, ਅੱਜ 40 ਲਈ ਜਾਨਾਂ ਏ

ਬੋਲੇ ਓਏ ਪੰਜਾਬੀ ਸ਼ੇਰਾ, ਪੰਜਾਬ ਦਾ ਨਾ ਚਮਕਾਨਾ ਏ
